



ਹੱਕ ਸੱਚ ਦੀ ਆਵਾਜ਼

# ਫਤਿਹ ਟਾਈਮਜ਼

ਰੋਜ਼ਾਨਾ ਡਿਜੀਟਲ ਐਡੀਸ਼ਨ

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ ।।





ਮੁੱਖ ਸੰਪਾਦਕ
ਸਰਬਜੋਤ ਸਿੰਘ ਸੰਧਾ

ਮੁੱਖ ਸੰਪਾਦਕ ਸਰਬਜੋਤ ਸਿੰਘ ਸੰਧਾ www.fatehtimesmedia.com Email- fatehtimes1699@gmail.com

ਰਜਿ ਨੰ : ਪੀ ਬੀ 22000167 ਫਤਿਹਾਬਾਦ , ਵੀਰਵਾਰ 2 ਅਪ੍ਰੈਲ 2026 , ਨਾਨਕਸ਼ਾਹੀ 20 ਚੇਤ, ਸੰਮਤ 558 ਸਾਲ: 4, ਅੰਕ 372, ਪੰਨੇ: 4, ਮੁੱਲ: 4 ਰੁਪਏ


# ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ 14 ਅਪ੍ਰੈਲ ਨੂੰ ਖ਼ਾਲਸਾ ਸਾਜਨਾ ਦਿਵਸ ਮੌਕੇ ਵਿਸ਼ਾਲ ਪੰਥਕ ਕਾਨਫਰੰਸ ਦਾ ਐਲਾਨ

ਫਤਿਹ ਟਾਈਮਜ਼

## ਖਾਲਸਾ ਸਾਜਨਾ ਦਿਵਸ ਦੀ ਕਾਨਫਰੰਸ ਪੰਜਾਬ ਦਾ ਇਕ ਸਾਂਝਾ ਪੰਥਕ ਮੰਚ ਸਾਬਤ ਹੋਵੇਗੀ : ਬਾਪੂ ਤਰਸੇਮ ਸਿੰਘ




ਮੋਗਾ, 1 ਅਪ੍ਰੈਲ (ਸੰਧਾ) ਅਕਾਲੀ ਦਲ ਵਾਰਿਸ ਪੰਜਾਬ ਦੇ ਦੀ ਸੀਨੀਅਰ ਲੀਡਰਸ਼ਿਪ ਦੀ ਇਕ ਹੰਗਾਮੀ ਮੀਟਿੰਗ ਮੋਗਾ ਵਿਖੇ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਜੀ ਦੇ ਪਿਤਾ ਅਤੇ ਪਾਰਟੀ ਦੇ ਸਰਪ੍ਰਸਤ ਬਾਪੂ ਤਰਸੇਮ ਸਿੰਘ ਜੀ ਦੀ ਅਗਵਾਈ ਹੇਠ ਹੋਈ। ਇਸ ਮਹੱਤਵਪੂਰਨ ਮੀਟਿੰਗ ਵਿੱਚ ਪਾਰਟੀ ਦੀ ਮੁੱਖ ਪੰਜ ਮੈਂਬਰੀ ਕਮੇਟੀ, ਸਮੂਹ ਨਿਯੁਕਤ ਕੀਤੇ ਜਿਲਾ ਪ੍ਰਧਾਨ, ਹਲਕਾ ਇੰਚਾਰਜ ਅਤੇ ਐਗਜ਼ੀਕਿਉਟਿਵ ਕਮੇਟੀ ਦੇ ਮੈਂਬਰਾਂ ਨੇ ਭਰਪੂਰ ਹਾਜ਼ਰੀ ਲਗਵਾਈ। ਮੀਟਿੰਗ ਦੌਰਾਨ ਪੰਥਕ ਅਤੇ ਰਾਜਨੀਤਿਕ ਹਾਲਾਤਾਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ ਅਤੇ ਖ਼ਾਸ ਤੌਰ 'ਤੇ ਆਉਣ ਵਾਲੇ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਵੱਡੇ ਪੱਧਰ 'ਤੇ ਪ੍ਰੋਗਰਾਮ ਕਰਨ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਸਮੂਹ ਮੈਂਬਰਾਂ ਦੀ ਸਹਿਮਤੀ ਨਾਲ ਇਹ ਫੈਸਲਾ ਲਿਆ ਗਿਆ ਕਿ 14 ਅਪ੍ਰੈਲ ਵਿਸਾਖੀ ਦੇ ਪਵਿੱਤਰ ਦਿਹਾੜੇ ਮੌਕੇ ਇਕ ਵਿਸ਼ਾਲ ਪੰਥਕ ਕਾਨਫਰੰਸ ਅਤੇ ਇਕੱਠ ਕਰਵਾਇਆ ਜਾਵੇਗਾ, ਜਿਸ ਵਿੱਚ ਪੰਜਾਬ ਭਰ ਤੋਂ ਸੰਗਤਾਂ ਅਤੇ ਵਰਕਰਾਂ ਦੀ ਵੱਡੀ ਭਾਗੀਦਾਰੀ ਯਕੀਨੀ ਬਣਾਈ ਜਾਵੇਗੀ। ਬਾਪੂ ਤਰਸੇਮ ਸਿੰਘ ਜੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਹ ਇਕੱਠ ਸਿਰਫ਼ ਧਾਰਮਿਕ ਮਹੱਤਤਾ ਹੀ ਨਹੀਂ ਰੱਖੇਗਾ, ਸਗੋਂ ਪੰਥ ਅਤੇ ਪੰਜਾਬ ਦੇ ਮੌਜੂਦਾ ਹਾਲਾਤਾਂ 'ਤੇ ਵੀ ਇਕ ਸਾਂਝਾ ਮੰਚ ਸਾਬਤ ਹੋਵੇਗਾ। ਉਨ੍ਹਾਂ ਨੇ (ਬਾਕੀ ਸਫਾ 2 ਤੇ)

# ਰੂਸ ਨੇ ਕਿਊਬਾ ਨੂੰ ਕੱਚਾ ਤੇਲ ਦੇ ਕੇ ਟਰੰਪ ਦੀ ਕੱਢੀ ਹਵਾ।

## ਸਰਬਜੋਤ ਸਿੰਘ ਸੰਧਾ

ਫਤਿਹ ਟਾਈਮਜ਼

ਬੀਤੇ ਦਿਨ ਕਿਊਬਾ ਦੇ ਉਤਰੀ ਕਿਨਾਰੇ ਉਤੇ ਮਤਾਂਜ਼ਆਸ ਬੰਦਰਗਾਹ ਉਪਰ ਰੂਸ ਦੀ ਮਾਲਕੀਅਤ ਵਾਲੇ ਟੈਂਕਰ ਜਿਸ ਵਿਚ 7,30,000 ਬੈਰਲ ਕੱਚਾ ਤੇਲ ਹੈ ਦੇ ਕਿਊਬਾ ਪਹੁੰਚਣ ਤੇ ਟਰੰਪ ਦੀ ਹਵਾ ਨਿਕਲ ਗਈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਅਮਰੀਕਾ ਵਲੋਂ ਜਨਵਰੀ ਵਿਚ ਕਿਊਬਾ ਦੀ ਤੇਲ ਸਪਲਾਈ ਕੱਟ ਦਿੱਤੀ ਗਈ ਸੀ ਅਤੇ ਸਾਰੇ ਨੇੜਲੇ ਮੁਲਕਾਂ ਨੂੰ ਚੇਤਾਵਨੀ ਦਿੱਤੀ ਗਈ ਸੀ ਕਿ ਕੋਈ ਵੀ ਦੇਸ਼ ਕਿਊਬਾ ਨੂੰ ਕੱਚਾ ਤੇਲ ਨਹੀਂ ਦੇਵੇਗਾ। ਪਰੰਤੂ ਕਿਊਬਾ ਵਿਚਲੇ ਸੰਕਟ ਜਿਥੇ ਲੋਕਾਂ ਦਾ ਜਿਉਂਦੇ ਰਹਿਣਾ ਮੁਸ਼ਕਲ ਹੋਇਆ ਪਿਆ ਸੀ,ਸਕੂਲ ਕਾਲਜ, ਹਸਪਤਾਲ ,ਦਫਤਰ ਸਭ ਕੁਝ ਬੰਦ ਕਰਨਾ ਪਿਆ ਸੀ ਐਸੇ ਵਿਚ ਰੂਸ ਵਲੋਂ ਕਿਊਬਾ ਨੂੰ ਤੇਲ ਦੇਣ ਨਾਲ ਅਮਰੀਕਾ ਦਾ ਜੋ ਡਰ ਸੀ ਉਹ ਵੀ ਖ਼ਤਮ ਹੋ ਗਿਆ।

## ਖਡੂਰ ਸਾਹਿਬ ਦੇ ਵਿਧਾਇਕ ਦੇ ਸਾਲੇ ਸਮੇਤ 10 ਖਿਲਾਫ ਐਸ ਸੀ ਐਸ ਟੀ ਐਕਟ,ਆਰਮਜ਼ ਐਕਟ ਤਹਿਤ ਮਾਮਲਾ ਦਰਜ਼

ਫਤਿਹ ਟਾਈਮਜ਼ ਖਡੂਰ ਸਾਹਿਬ, 1 ਅਪ੍ਰੈਲ (ਫ.ਟ.ਬ) ਪਿੰਡ ਵੇਈਂਪੂਈਂ ਵਿਖੇ ਐਸ ਸੀ ਗਰੀਬ ਪਰਿਵਾਰਾਂ ਦੇ ਦੋ ਘਰਾਂ ਨੂੰ ਦੇਰ ਸ਼ਾਮ ਅੱਗ ਲਗਾਏ ਜਾਣ ਦੇ ਮਾਮਲੇ ਚ ਪੁਲਿਸ ਨੇ ਪੀੜਤ ਪਰਿਵਾਰ ਦੇ ਬਿਆਨਾਂ ਤੇ ਹਲਕਾ ਖਡੂਰ ਸਿੰਘ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਦੇ ਸਾਲੇ ਅਤੇ ਪਿੰਡ ਵੇਈਂ ਪੂਈਂ ਦੇ ਸਰਪੰਚ ਬਲਦੇਵ ਸਿੰਘ ਗੋਰਾ ਸਮੇਤ 10 ਵਿਅਕਤੀਆਂ ਖਿਲਾਫ ਐਸ ਸੀ ਐਸ ਟੀ ਐਕਟ, ਆਰਮਜ਼ ਐਕਟ ਤੇ ਹੋਰਨਾਂ ਧਾਰਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਜ਼ਿਕਰਯੋਗ ਹੈ ਕਿ ਪਿੰਡ ਵੇਈਂ ਪੂਈਂ ਦੇ ਦੋ ਗ਼ਰੀਬ ਐਸ ਸੀ ਪਰਿਵਾਰਾਂ ਦੇ ਘਰਾਂ ਨੂੰ ਵਿਧਾਇਕ ਦੇ ਰਿਸ਼ਤੇਦਾਰ ਤੇ ਉਸ ਦੇ ਸਾਥੀਆਂ ਵਲੋਂ ਘਰਾਂ ਨੂੰ ਅੱਗ ਲਾ ਕੇ ਸਾੜਣ ਦਾ ਮਾਮਲਾ ਸਾਹਮਣੇ ਆਇਆ ਸੀ ਜਿਸ ਤੇ ਵਿਰੋਧੀ ਧਿਰਾਂ ਵਲੋਂ 'ਆਪ' ਸਰਕਾਰ ਨੂੰ ਕਰੜੇ ਹੱਥੀਂ ਲਿਆ ਜਾ ਰਿਹਾ ਸੀ ।

# ਸ਼੍ਰੋਮਣੀ ਕਮੇਟੀ ਵੱਲੋਂ ਅੰਮ੍ਰਿਤਧਾਰੀ ਬੱਚਿਆਂ ਨੂੰ 2 ਕਰੋੜ 28 ਲੱਖ ਰੁਪਏ ਦੇ ਵਜੀਫੇ ਜਾਰੀ

ਫਤਿਹ ਟਾਈਮਜ਼

## ਐਡਵੋਕੇਟ ਧਾਮੀ ਨੇ ਵਿਦਿਅਕ ਅਦਾਰਿਆਂ ਦੇ ਮੁਖੀਆਂ ਨੂੰ ਸੌਂਪੇ ਵਜੀਫਾ ਰਾਸ਼ੀ ਦੇ ਚੈੱਕ



ਅੰਮ੍ਰਿਤਸਰ, 1 ਅਪ੍ਰੈਲ (ਸੰਧਾ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਦਿਅਕ ਅਦਾਰਿਆਂ ਵਿਚ ਪੜ੍ਹ ਰਹੇ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਧਰਮ ਪ੍ਰਚਾਰ ਕਮੇਟੀ ਵੱਲੋਂ ਸਾਲ 2025-26 ਲਈ 2 ਕਰੋੜ 28 ਲੱਖ 98 ਹਜ਼ਾਰ 500 ਰੁਪਏ ਦੀ ਵਜੀਫਾ ਰਾਸ਼ੀ ਦਿੱਤੀ ਗਈ ਹੈ। ਅੱਜ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਵਜੀਫ਼ਾ ਰਾਸ਼ੀ ਦੇ ਚੈੱਕ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵਿਦਿਅਕ ਅਦਾਰਿਆਂ ਦੇ ਨੁਮਾਇੰਦਿਆਂ ਨੂੰ ਸੌਂਪੇ।

ਇਸ ਮੌਕੇ ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਹਮੇਸ਼ਾ ਕਾਰਜਸ਼ੀਲ ਰਹੀ ਹੈ। ਜਿਥੇ ਦੇਸ਼ ਭਰ ਅੰਦਰ ਗੁਰਮਤਿ ਸਮਾਗਮਾਂ ਰਾਹੀਂ ਸਿੱਖੀ ਪ੍ਰਚਾਰ ਕੀਤਾ ਜਾਂਦਾ ਹੈ, ਉਥੇ ਹੀ ਧਰਮ ਪ੍ਰਚਾਰ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੇ ਵਿਦਿਅਕ ਅਦਾਰਿਆਂ ਦੇ ਅੰਮ੍ਰਿਤਧਾਰੀ ਵਿਦਿਆਰਥੀਆਂ ਲਈ ਵਜੀਫਾ ਰਾਸ਼ੀ ਦੀ ਯੋਜਨਾ ਵੀ ਚਲਾਈ ਜਾ ਰਹੀ ਹੈ। ਇਸ ਤਹਿਤ ਹਰ ਸਾਲ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਫੀਸਾਂ ਲਈ ਕਰੋੜਾਂ ਰੁਪਏ ਵਜੀਫੇ ਵਜੋਂ ਦਿੱਤੇ ਜਾਂਦੇ ਹਨ। ਇਸ ਵਾਰ 3743 ਅੰਮ੍ਰਿਤਧਾਰੀ ਵਿਦਿਆਰਥੀਆਂ (ਬਾਕੀ ਸਫਾ 2 ਤੇ)

# ਪੰਜਾਬ ਸਰਕਾਰ ਕੇਜਰੀਵਾਲ ਦੀ ਸ਼ਹਿ ਤੇ ਮਾਰ ਰਹੀ ਪੰਜਾਬ ਦੀ ਨੌਜਵਾਨੀ ਦੇ ਹੱਕਾਂ ਤੇ ਡਾਕਾ- ਭਰੋਵਾਲ


ਫਤਿਹ ਟਾਈਮਜ਼



ਤਰਨ ਤਾਰਨ, 1 ਅਪ੍ਰੈਲ (ਐਸ ਐਸ ਸੰਧਾ) ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਰਮਨਦੀਪ ਸਿੰਘ ਭਰੋਵਾਲ ਨੇ ਕਿਹਾ ਕਿ ਪੰਜਾਬ ਦੀ ਜਵਾਨੀ ਬੇਰੁਜ਼ਗਾਰੀ ਕਾਰਨ ਵਿਦੇਸ਼ਾਂ ਚ ਧੱਕੇ ਖਾਣ ਲਈ ਮਜਬੂਰ ਹੈ ਤੇ ਹੁਣ ਦੀ ਮਾਨ ਸਰਕਾਰ ਸੂਬੇ ਦੀਆਂ ਨੌਕਰੀਆਂ ਬਾਹਰਲੇ ਸੂਬਿਆਂ ਦੇ ਲੋਕਾਂ ਦੇ ਕੇ ਪੰਜਾਬ ਦੇ ਨੌਜਵਾਨਾਂ ਦੇ ਹੱਕਾਂ ਤੇ ਡਾਕਾ ਮਾਰ ਰਹੀ ਹੈ ਜਿਸਦੀ ਤਾਜ਼ਾ ਮਿਸਾਲ 27 ਮਾਰਚ,2026 ਨੂੰ ਬਿਜਲੀ ਬੋਰਡ ਵਿਭਾਗ ਦੀ ਨੋਟੀਫਿਕੇਸ਼ਨ ਵਿੱਚ ਦਸਵੀਂ ਜਮਾਤ ਵਿੱਚ ਪੰਜਾਬੀ ਲਾਜ਼ਮੀ ਕਰਕੇ 6000 ਜੂਨੀਅਰ ਲਾਈਨਮੈਨ ਦੀਆਂ ਅਸਾਮੀਆਂ ਦਾ ਐਲਾਨ ਕੀਤਾ ਗਿਆਸੀ ਪਰ ਸਿਰਫ਼ 3 ਦਿਨ ਬਾਅਦ, 30 ਮਾਰਚ,2026 ਦੇ ਸੋਧ ਰਾਹੀਂ ਪੰਜਾਬੀ ਦੀ ਸ਼ਰਤ ਹਟਾ ਦਿੱਤੀ ਗਈ ਅਤੇ ਚੁੱਪਚਾਪ ਨੌਕਰੀਆਂ ਘਟਾ ਦਿੱਤੀਆਂ ਗਈਆਂ। ਸ ਭਰੋਵਾਲ ਨੇ ਕਿਹਾ ਕਿ ਇਹ ਕੋਈ ਪ੍ਰਸ਼ਾਸਕੀ ਬਦਲਾਅ ਨਹੀਂ, ਸਿੱਧਾ ਪੰਜਾਬ ਦੀ ਪਹਿਚਾਣ 'ਤੇ ਹਮਲਾ ਹੈ। (ਬਾਕੀ ਸਫਾ 2 ਤੇ)

## ਵਾਮਪੰਥੀ ਵਿਚਾਰਧਾਰਾ ਦੀ ਪੈਦਾਵਾਰ ਹੈ ਨਕਸਲਵਾਦ: ਅਮਿਤ ਸ਼ਾਹ

ਫਤਿਹ ਟਾਈਮਜ਼



ਨਵੀਂ ਦਿੱਲੀ, 1 ਅਪ੍ਰੈਲ (ਫ.ਟ.ਬ) ਲੋਕ ਸਭਾ ਵਿੱਚ ਵਾਮਪੰਥੀ ਉਗਰਵਾਦ ਬਾਰੇ ਹੋਈ ਚਰਚਾ ਦੌਰਾਨ ਇੱਕ ਗੱਲ ਵਾਰ-ਵਾਰ ਸਾਹਮਣੇ ਆਈ – "ਜੋ ਕਿਹਾ, ਉਹ ਕੀਤਾ।" ਭਾਰਤ ਦੀ ਸੁਰੱਖਿਆ ਲਈ ਵਚਨਬੱਧ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਜਿਸ ਆਤਮਵਿਸ਼ਵਾਸ ਨਾਲ ਇਹ ਕਿਹਾ ਸੀ ਕਿ 31 ਮਾਰਚ 2026 ਤੱਕ ਦੇਸ਼ ਨਕਸਲਵਾਦ ਤੋਂ ਮੁਕਤ ਹੋ ਜਾਵੇਗਾ, ਉਹ ਹੁਣ ਸੱਚ ਹੁੰਦਾ ਦਿੱਸ ਰਿਹਾ ਹੈ। ਨਕਸਲਵਾਦ ਅੱਜ ਆਪਣੇ ਅੰਤ ਦੇ ਕਿਨਾਰੇ 'ਤੇ ਖੜ੍ਹਾ ਹੈ।ਨਵੇਂ ਭਾਰਤ ਦੇ ਨਿਰਮਾਣ ਵਿੱਚ ਜੁਟੇ ਅਮਿਤ ਸ਼ਾਹ ਦੀ ਅਗਵਾਈ ਹੇਠ ਉਭਰੀ ਇਹ ਕਹਾਣੀ ਸਿਰਫ਼ ਸੁਰੱਖਿਆ ਅਭਿਆਨਾਂ ਦੀ ਨਹੀਂ, ਸਗੋਂ ਇੱਕ ਵਿਚਾਰਧਾਰਾ ਦੇ ਅੰਤ ਅਤੇ ਵਿਕਾਸ ਦੀ ਸ਼ੁਰੂਆਤ ਦੀ ਕਹਾਣੀ ਹੈ। ਕਈ ਸਾਲਾਂ ਤੱਕ ਇਹ ਧਾਰਣਾ ਬਣਾਈ ਗਈ ਕਿ ਨਕਸਲਵਾਦ ਗਰੀਬੀ ਅਤੇ ਪਿੱਛੜੇਪਣ ਦੀ ਪੈਦਾਵਾਰ ਹੈ,

# ਭੱਠਾ ਮਜ਼ਦੂਰਾਂ ਦੇ ਸਰਦੀ ਸੀਜ਼ਨ ਦੇ ਬਕਾਏ ਅਤੇ ਨਵੇਂ ਰੇਟਾਂ ਵਿੱਚ ਵਾਧਾ ਕਰਨ ਅਤੇ ਹੋਰ ਮੰਗਾਂ ਸਬੰਧੀ ਪ੍ਰਦਰਸ਼ਨ

ਫਤਿਹ ਟਾਈਮਜ਼

## ਰੋਸ ਪ੍ਰਸਦਰਸ਼ਨ




ਪਠਾਨਕੋਟ, 1 ਅਪ੍ਰੈਲ (ਪਵਨ ਸ਼ਰਮਾਂ)ਲਾਲ ਝੰਡਾ ਪੰਜਾਬ ਭੱਠਾ ਲੇਬਰ ਯੂਨੀਅਨ ਸਬੰਧਤ ਸੀ ਟੀ ਯੂ ਪੰਜਾਬ ਵਲੋਂ ਕਾਮਰੇਡ ਮਨਹਰਨ ਤੇ ਰਾਮਦਿਆਲ ਦੀ ਅਗਵਾਈ ਹੇਠ ਭੱਠਾ ਮਜ਼ਦੂਰਾਂ ਦੇ ਸਰਦੀ ਸੀਜਨ ਦੇ ਬਕਾਏ ਅਤੇ ਨਵੇਂ ਰੇਟਾਂ ਵਿੱਚ ਵਾਧਾ ਕਰਨ ਤੇ ਹੋਰ ਮੰਗਾਂ ਨੂੰ ਲੈ ਕੇ ਅਸਿਸਟੈਂਟ ਲੇਬਰ ਕਮਿਸ਼ਨਰ ਪਠਾਨਕੋਟ ਨੂੰ ਮੰਗ ਪੱਤਰ ਦਿੱਤਾ ਗਿਆ।ਭੱਠਾ ਮਜ਼ਦੂਰਾਂ ਨੂੰ ਸਰਦੀ ਸੀਜਨ ਵਿਚ ਪਹਿਲੀ ਸਤੰਬਰ 2025 ਤੋਂ ਮਜ਼ਦੂਰੀ ਵਿਚ ਵਧੇ ਹੋਏ 26/- ਰੁਪਏ ਦੇ ਵਾਧੇ ਦਾ ਬਕਾਇਆ ਤਰੁੰਤ ਦਿੱਤਾ ਜਾਵੇ, ਭੱਠਿਆਂ ਉਪਰ ਕੰਮ ਕਰਦੇ ਸਾਰੀਆਂ ਕੈਟਾਗਿਰੀਆਂ ਦੇ ਮਜ਼ਦੂਰਾਂ ਪਥੇਰ, ਭਰਾਈ, ਜਲਾਈ, ਪੱਕੀਆਂ ਇੱਟਾਂ ਦੀ ਨਿਕਾਸੀ ਲੋਡ-ਅਨਲੋਡ ਅਤੇ ਤਨਖਾਹਦਾਰ ਕਾਮਿਆਂ ਦੀ ਮਜ਼ਦੂਰੀ ਵਿੱਚ ਮਹਿੰਗਾਈ ਅਨੁਸਾਰ ਵਾਧਾ ਕੀਤਾ ਜਾਏ, ਭੱਠਿਆਂ ਉਪਰ ਕੰਮ ਕਰਦੇ ਕਾਮਿਆਂ ਲਈ ਪੱਕੇ ਕਵਾਟਰਾਂ ਤੇ ਬਿਜਲੀ ਪਾਣੀ ਸਮੇਤ ਔਰਤਾਂ ਮਰਦਾਂ ਲਈ ਵੱਖਰੇ ਬਾਥਰੂਮ ਤੇ ਸ਼ੌਚਾਲਯ ਦੀ ਵਿਵਸਥਾ ਤਰੁੰਤ ਕੀਤੀ ਜਾਵੇ।, ਪੰਜਾਬ ਸਰਕਾਰ ਤੋਂ ਮੰਗ ਹੈ ਕਿ ਮਿਨੀਮਮ ਵੇਜ਼ ਵਿੱਚ ਸੋਧ ਕਰਕੇ ਘੱਟੋ-ਘੱਟ ਉਜਰਤ 26000/-ਰੁਪਏ ਪ੍ਰਤੀ ਮਹੀਨਾ ਨਿਸਚਿਤ ਕੀਤੀ ਜਾਵੇ ਅਤੇ ਏਸੇ ਅਨੁਪਾਤ ਅਨੁਸਾਰ ਭੱਠਾ ਮਜ਼ਦੂਰਾਂ ਦੀ ਮਜ਼ਦੂਰੀ ਵਿੱਚ ਵਾਧਾ ਕੀਤਾ ਜਾਵੇ।, ਲੇਬਰ ਦਾ ਇੰਤਜ਼ਾਮ ਕਰਨ ਵਾਲੇ ਜਮਾਂਦਾਰਾਂ ਨੂੰ ਮਿਨੀਮਮ ਵੇਜ਼ ਅਨੁਸਾਰ ਪੂਰੀ ਜਮਾਂਦਾਰੀ ਕਮਿਸ਼ਨ ਦਿੱਤੀ (ਬਾਕੀ ਸਫਾ 2 ਤੇ)


LIC
भारतीय जीवन बीमा निगम
LIFE INSURANCE CORPORATION OF INDIA
ਬੀਮਾ ਸੇਵਾ ਕੇਂਦਰ

ਬੱਚਿਆਂ ਲਈ ਐਜੂਕੇਸ਼ਨ ਬੀਮਾ ਪੌਲਸੀ,
ਲੜਕੀਆਂ ਲਈ ਕੰਨਿਆਦਾਨ ਪੌਲਸੀ,
ਬੁਢਾਪਾ ਪੈਨਸ਼ਨ ਸਕੀਮ,ਮਨੀ ਬੈੱਕ ਪੌਲਸੀ,
ਰੋਜ਼ਾਨਾ ਬਚਤ ਪੌਲਸੀ,ਕਰੋੜਪਤੀ ਸਕੀਮ।

ਡੈਂਥ ਕਲੇਮ,ਮਚਿਉਰਟੀ ਜਾ ਫਿਰ ਹੋਰ
ਐਲ ਆਈ ਸੀ ਸੇਵਾ ਲਈ ਸੰਪਰਕ ਕਰੋ:
ਐਸ ਐਸ ਸੰਧਾ ਮੋ:9988537575

ਅਖਬਾਰਾਂ ਵਿਚ ਨਾਮ ਬਦਲੀ,ਬੇਦਖਲੀ ਨੋਟਿਸ,ਟਿਊਬਵੈਲ ਕੁਨੈਕਸ਼ਨ ਅਤੇ ਹੋਰ ਇਸ਼ਤਿਹਾਰ ਦੇਣ ਵੀ ਲਈ ਸੰਪਰਕ ਕਰੋ।

ਸਫਾ 1 ਦੀ ਬਾਕੀ

## ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ 14 ਅਪ੍ਰੈਲ ਨੂੰ ਖ਼ਾਲਸਾ ਸਾਜਨਾ ਦਿਵਸ ਮੌਕੇ ......

ਫਤਿਹ ਟਾਈਮਜ਼ ਸਾਰੇ ਜਿਲਾ ਪ੍ਰਧਾਨਾਂ ਅਤੇ ਹਲਕਾ ਇੰਚਾਰਜਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ-ਆਪਣੇ ਖੇਤਰਾਂ ਵਿੱਚ ਵੱਡੇ ਪੱਧਰ 'ਤੇ ਤਿਆਰੀਆਂ ਕਰਕੇ ਇਸ ਕਾਨਫਰੰਸ ਨੂੰ ਇਤਿਹਾਸਕ ਬਣਾਉਣ। ਪਾਰਟੀ ਆਗੂਆਂ ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਖ਼ਾਲਸਾ ਸਾਜਨਾ ਦਿਵਸ ਸਿੱਖ ਕੌਮ ਲਈ ਵਿਸ਼ੇਸ਼ ਮਹੱਤਤਾ ਰੱਖਦਾ ਹੈ ਅਤੇ ਇਸ ਮੌਕੇ ਤੇ ਇਕੱਠ ਹੋਣਾ ਸਮੇਂ ਦੀ ਲੋੜ ਹੈ। ਇਸ ਮੌਕੇ ਇਹ ਵੀ ਨਿਰਣੈ ਲਿਆ ਗਿਆ ਕਿ ਕਾਨਫਰੰਸ ਦੀਆਂ ਤਿਆਰੀਆਂ ਲਈ ਵੱਖ-ਵੱਖ ਕਮੇਟੀਆਂ ਬਣਾਈਆਂ ਜਾਣਗੀਆਂ ਅਤੇ ਜ਼ਿੰਮੇਵਾਰੀਆਂ ਜਲਦ ਸੌਂਪੀਆਂ ਜਾਣਗੀਆਂ। ਅੱਜ ਦੀ ਇਸ ਮੀਟਿੰਗ ਵਿੱਚ ਬਾਪੂ ਤਰਸੇਮ ਸਿੰਘ ਜੀ ਤੋਂ ਇਲਾਵਾ ਮੁੱਖ ਤੌਰ ਤੇ ਸਕੱਤਰ ਜਨਰਲ ਭਾਈ ਮਨਦੀਪ ਸਿੰਘ ਸਿੱਧੂ, ਭਾਈ ਅਮਰਜੀਤ ਸਿੰਘ ਵੰਨਚਿੜੀ, ਭਾਈ ਹਰਭਜਨ ਸਿੰਘ ਤੁੜ, ਭਾਈ ਸੁਰਜੀਤ ਸਿੰਘ ਦੌਲਤਪੁਰ, ਭਾਈ ਪਰਮਜੀਤ ਸਿੰਘ ਜੌਹਲ, ਭਾਈ ਕਾਬਲ ਸਿੰਘ, ਬਾਬੂ ਸਿੰਘ ਬਰਾੜ, ਭਾਈ ਜਸਕਰਨ ਸਿੰਘ ਕਾਹਨਸਿੰਘ ਵਾਲਾ, ਭਾਈ ਜਸਵਿੰਦਰ ਸਿੰਘ ਬਾਦਲ, ਲੱਖਾ ਸਿੰਘ ਸਿਧਾਣਾਂ, ਭਾਈ ਪ੍ਰਗਟ ਸਿੰਘ ਮੀਆਂਵਿੰਡ, ਭਾਈ ਰਸ਼ਪਾਲ ਸਿੰਘ ਸੋਸਣ, ਭਾਈ ਸ਼ਮਸ਼ੇਰ ਸਿੰਘ ਪੱਧਰੀ, ਭਾਈ ਚਮਕੌਰ ਸਿੰਘ ਧੁੰਨ, ਭਾਈ ਜਸਵਿੰਦਰ ਸਿੰਘ ਡਰੋਲੀ, ਭਾਈ ਬਰਜਿੰਦਰ ਸਿੰਘ ਹੁਸੈਨਪੁਰ, ਭਾਈ ਦਲੇਰ ਸਿੰਘ ਡੋਡ, ਭਾਈ ਜਸਕਰਨ ਸਿੰਘ ਲੋਪੋਕੇ, ਭਾਈ ਚਮਕੌਰ ਸਿੰਘ ਬਰਾੜ, ਭਾਈ ਗੁਰਦੀਪ ਸਿੰਘ ਭੰਡਾਲ, ਭਾਈ ਹਰਜਿੰਦਰ ਸਿੰਘ ਜੀਰਾ, ਭਾਈ ਬਲਜਿੰਦਰ ਸਿੰਘ ਲਸੋਈ, ਭਾਈ ਗੁਰਮਿੰਦਰ ਸਿੰਘ ਚਾਵਲਾ, ਭਾਈ ਕ੍ਰਿਸ਼ਨ ਸਿੰਘ ਰੁਪਾਣਾ, ਭਾਈ ਨਿਰਵੈਰ ਸਿੰਘ ਖਾਲਸਾ, ਭਾਈ ਬਲਵਿੰਦਰ ਸਿੰਘ, ਭਾਈ ਬਲਦੇਵ ਸਿੰਘ ਜੱਲੂਪੁਰ, ਭਾਈ ਗੁਰਵਿੰਦਰ ਸਿੰਘ, ਡਾਕਟਰ ਲਖਬੀਰ ਸਿੰਘ, ਭਾਈ ਸੁਖਵਿੰਦਰ ਸਿੰਘ ਝਨੇੜੀ, ਭਾਈ ਬਲਜੀਤ ਸਿੰਘ ਢੀਂਡਸਾ, ਭਾਈ ਜਸਕਰਨ ਸਿੰਘ ਰਿਆੜ, ਭਾਈ ਦਲਜੀਤ ਸਿੰਘ ਮਿਆਦੀਆਂ ਅਤੇ ਭਾਈ ਬਲਵਿੰਦਰ ਸਿੰਘ ਰੋੜੇ ਖ਼ਾਲਸਾ ਵੀ ਮੌਜੂਦ ਸਨ।

ਸਫਾ 1 ਦੀ ਬਾਕੀ

## ਸ਼੍ਰੋਮਣੀ ਕਮੇਟੀ ਵੱਲੋਂ ਅੰਮ੍ਰਿਤਧਾਰੀ ਬੱਚਿਆਂ ਨੂੰ 2 ਕਰੋੜ 28 ਲੱਖ ਰੁਪਏ ਦੇ ਵਜੀਫੇ.....

ਫਤਿਹ ਟਾਈਮਜ਼ ਨੂੰ 2 ਕਰੋੜ 28 ਲੱਖ 98 ਹਜ਼ਾਰ 500 ਰੁਪਏ ਦੀ ਰਾਸ਼ੀ ਵੰਡੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਧਰਮ ਪ੍ਰਚਾਰ ਕਮੇਟੀ ਵੱਲੋਂ ਹਰ ਸਾਲ ਧਾਰਮਿਕ ਪ੍ਰੀਖਿਆ ਰਾਹੀਂ ਵੀ ਵਿਸ਼ੇਸ਼ ਤੌਰ 'ਤੇ ਵਜੀਫੇ ਦਿੱਤੇ ਜਾਂਦੇ ਹਨ। ਉਨ੍ਹਾਂ ਵਜੀਫਾ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਗੁਰਸਿੱਖੀ ਜੀਵਨ ਵਿਚ ਪ੍ਰਪੱਕ ਰਹਿਣ ਲਈ ਪ੍ਰੇਰਣਾ ਕੀਤੀ। ਉਨ੍ਹਾਂ ਸੰਗਤ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਬਾਣੀ ਅਤੇ ਬਾਣੇ ਨਾਲ ਜੋੜਨ, ਤਾਂ ਜੋ ਇਨ੍ਹਾਂ ਯੋਜਨਾਵਾਂ ਦਾ ਵੱਧ ਤੋਂ ਵੱਧ ਨੌਜੁਆਨ ਲਾਭ ਲੈ ਸਕਣ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਇੰਜੀ: ਸੁਖਮਿੰਦਰ ਸਿੰਘ, ਸ. ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਸ. ਬਿਜੈ ਸਿੰਘ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਸ. ਸੁਖਬੀਰ ਸਿੰਘ, ਪ੍ਰਿੰਸੀਪਲ ਡਾ. ਕੁਲਵਿੰਦਰ ਸਿੰਘ, ਡਾ. ਗੁਰਜੀਤ ਸਿੰਘ, ਡਾ. ਰੁਪਿੰਦਰ ਸਿੰਘ, ਬੀਬੀ ਮਨਿੰਦਰਪਾਲ ਕੌਰ, ਸ੍ਰੀਮਤੀ ਮਮਤਾ, ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ, ਇੰਚਾਰਜ ਸ. ਜੋਗੇਸ਼ਵਰ ਸਿੰਘ, ਚੀਫ਼ ਅਕਾਊਂਟੈਂਟ ਸ. ਮਨਿੰਦਰਪਾਲ ਸਿੰਘ ਆਦਿ ਮੌਜੂਦ ਸਨ।

ਸਫਾ 1 ਦੀ ਬਾਕੀ

## ਪੰਜਾਬ ਸਰਕਾਰ ਕੇਜਰੀਵਾਲ ਦੀ ਸ਼ਹਿ ਤੇ ਮਾਰ ਰਹੀ ਪੰਜਾਬ ਦੀ ਨੋਜਵਾਨੀ ਦੇ ਹੱਕਾਂ...

ਫਤਿਹ ਟਾਈਮਜ਼ ਸਿਖਲਾਈ ਅਧੀਨ ਕੰਮ( ਅਪਰਿੰਟਮੈਟਸ਼ਿਪ) ਦੀ ਸ਼ਰਤ ਵੀ ਖ਼ਤਮ ਕਰ ਦਿੱਤੀ ਗਈ, ਜਿਸ ਨਾਲ ਲਗਭਗ 2500 ਟ੍ਰੇਨੀਜ਼ ਅਨਿਸ਼ਚਿਤਤਾ ਵਿੱਚ ਛੱਡ ਦਿੱਤੇ ਗਏ ਹਨ, ਜਦੋਂਕਿ ਉਹਨਾਂ ਦੀ ਟ੍ਰੇਨਿੰਗ ਜਾਰੀ ਹੈ। ਸ ਭਰੋਵਾਲ ਨੇ ਕਿਹਾ ਕੇ ਬੇਸ਼ੱਕ ਆਪ ਪਾਰਟੀ ਵੀ ਨੈਸ਼ਨਲ ਪਾਰਟੀ ਹੈ ਪਰ ਕਦੇ ਭਾਜਪਾ ਜਾਂ ਕਾਂਗਰਸ ਦੀ ਹਾਈਕਮਾਂਡ ਨੇ ਪੰਜਾਬ ਦੇ ਨਿੱਜੀ ਮਸਲਿਆਂ ਤੇ ਕੰਮਕਾਜ ਕਦੇ ਦਖਲ ਨਹੀਂ ਦਿੱਤਾ ਸਥਾਨਕ ਸਰਕਾਰਾਂ ਆਪਣੀ ਮਰਜ਼ੀ ਨਾਲ ਸੂਬੇ ਦੇ ਹਿੱਤਾਂ ਲਈ ਕੰਮ ਕਰਦੀਆਂ ਰਹੀਆਂ ਪਰ ਭਗਵੰਤ ਮਾਨ ਪੰਜਾਬ ਦੀ ਅਗਵਾਈ ਨਹੀਂ ਕਰ ਰਹੇ, ਸਗੋਂ ਅਰਵਿੰਦ ਕੇਜਰੀਵਾਲ ਦੇ ਹੁਕਮਾਂ 'ਤੇ ਕੰਮ ਕਰ ਰਹੇ ਹਨ। ਸ ਭਰੋਵਾਲ ਨੇ ਕਿਹਾ ਬਹੁਤ ਚਲਾਕੀ ਨਾਲ ਪੰਜਾਬ ਦੇ ਨੌਜਵਾਨਾਂ ਨੂੰ ਪਿੱਛੇ ਧੱਕਿਆ ਜਾ ਰਿਹਾ ਹੈ ਤੇ ਬਾਹਰੀ ਲੋਕਾਂ ਨੂੰ ਮੌਕੇ ਦਿੱਤੇ ਜਾ ਰਹੇ ਹਨ। ਸ ਭਰੋਵਾਲ ਨੇ ਕਿਹਾ ਕਿ ਪਿਛਲੇ 4 ਸਾਲਾਂ ਤੋਂ ਇਹੀ ਰੁਝਾਨ ਵੇਖਣ ਨੂੰ ਮਿਲ ਰਿਹਾ ਹੈ। ਪੰਜਾਬੀ ਨੌਜਵਾਨਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਜੋ। ਬਹੁਤ ਮੰਦਭਾਗਾ ਹੈ।

ਸਫਾ 1 ਦੀ ਬਾਕੀ

## ਭੱਠਾ ਮਜ਼ਦੂਰਾਂ ਦੇ ਸਰਦੀ ਸੀਜ਼ਨ ਦੇ ਬਕਾਏ ਅਤੇ ਨਵੇਂ ਰੇਟਾਂ ਵਿੱਚ ਵਾਧਾ ਕਰਨ.....

ਫਤਿਹ ਟਾਈਮਜ਼ ਜਾਵੇ।, ਭੱਠਿਆਂ ਉਪਰ ਸੀਜਨ ਦੀ ਸਮਾਪਤੀ ਤੋਂ ਬਾਅਦ ਇੱਕ ਹਫਤੇ ਦੇ ਅੰਦਰ ਅੰਦਰ ਹਿਸਾਬ ਕਰਨਾ ਯਕੀਨੀ ਬਣਾਇਆ ਜਾਵੇ। ਇਸ ਮੌਕੇ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਸੀ ਟੀ ਯੂ ਪੰਜਾਬ ਦੇ ਵਿੱਤ ਸਕੱਤਰ ਤੇ ਲਾਲ ਝੰਡਾ ਪੰਜਾਬ ਭੱਠਾ ਲੇਬਰ ਯੂਨੀਅਨ ਦੇ ਜਨਰਲ ਸਕੱਤਰ ਕਾਮਰੇਡ ਸ਼ਿਵ ਕੁਮਾਰ ਨੇ ਕਿਹਾ ਇੱਕ ਪਾਸੇ ਦੀ ਮੋਦੀ ਸਰਕਾਰ ਨੇ ਮਜ਼ਦੂਰ ਪੱਖੀ ਕਿਰਤ ਕਾਨੂੰਨ ਖਤਮ ਕਰਕੇ ਲੇਬਰ ਕੋਡ ਲਾਗੂਕਰਨ ਦਾ ਫਰਮਾਨ ਜਾਰੀ ਕਰ ਦਿੱਤਾ ਉਥੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੀ ਇਹਨਾਂ ਮਜ਼ਦੂਰ ਵਿਰੋਧੀ ਫੈਸਲਿਆਂ ਨੂੰ ਬਿਨਾਂ ਕਿਸੇ ਵਿਰੋਧ ਦੇ ਲਾਗੂ ਕਰਨ ਲਈ ਬਹੁਤ ਉਤਾਵਲੀ ਹੈ। ਮਾਨ ਸਰਕਾਰ ਨੇ ਪਹਿਲੀ ਮਾਰਚ 2026 ਨੂੰ ਜਾਰੀ ਹੋਣ ਵਾਲੀ ਮਿਨੀਮਮ ਵੇਜ ਨੋਟੀਫਿਕੇਸ਼ਨ ਹਾਲੇ ਤੱਕ ਜਾਰੀ ਨਹੀਂ ਕੀਤੀ ਅਤੇ ਆਪਣੇ ਕਾਰਜਕਾਲ ਦੌਰਾਨ ਮਿਨੀਮਮ ਵੇਜ ਵਿੱਚ ਸੋਧ ਵੀ ਨਹੀਂ ਕੀਤੀ। ਪ੍ਰੈਸ ਬਿਆਨ ਵਿੱਚ ਆਗੂਆਂ ਨੇ ਕਿਹਾ ਕਿ ਜੇਕਰ ਮਜ਼ਦੂਰਾਂ ਦੀਆਂ ਮੰਗਾਂ ਦਾ ਨਿਪਟਾਰਾ ਪੰਦਰਾਂ ਦੇ ਅੰਦਰ ਅੰਦਰ ਨਾ ਕੀਤਾ ਤਾਂ ਪਠਾਨਕੋਟ ਜ਼ਿਲੇ ਅੰਦਰ ਪੈਂਦੇ ਭੱਠਿਆਂ ਉੱਪਰ ਹੜਤਾਲ ਕਰਕੇ ਸੰਘਰਸ਼ ਨੂੰ ਤਿੱਖਾ ਕੀਤਾ ਜਾਵੇਗਾ।


# ਪੱਤਰਕਾਰਾਂ ਦੀ ਲੋੜ

ਅਦਾਰਾ ਫਤਿਹ ਟਾਈਮਜ਼ ਨੂੰ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਕਸਬਿਆਂ ਤੋਂ ਪੜ੍ਹੇ ਲਿਖੇ ਰਿਪੋਰਟਰਾਂ ਦੀ ਲੋੜ ਹੈ ਚਾਹਵਾਨ ਹੇਠ ਦਿੱਤੇ ਨੰਬਰ ਤੇ ਸੰਪਰਕ ਕਰਨ ।

ਮੋ:99885-37575


## ਖਸ ਖਸ ਦੀ ਖੇਤੀ ਨੂੰ ਹਰੀ ਝੰਡੀ ਦਿਵਾਉਣ ਲਈ ਬੀ ਕੇ ਯੂ ਪੰਜਾਬ ਜਥੇਬੰਦੀ ਹੋਈ ਸਰਗਰਮ ਸਰਕਾਰ ਪੰਜਾਬ ਵਿਚ ਖਸ ਖਸ ਦੀ ਖੇਤੀ ਕਰਨ ਅਤੇ ਪੋਸਤ ਅਫੀਮ ਦੇ ਠੇਕਿਆਂ ਦੀ ਦੇਵੇ ਮਨਜ਼ੂਰੀ: ਹਰਬੰਸ ਸਿੰਘ,ਸੁਰਜੀਤ ਸਿੰਘ ਰੰਧਾਵਾ

ਫਤਿਹ ਟਾਈਮਜ਼

**ਬੇਮੌਸਮੀ ਬਾਰਸ਼ ਅਤੇ ਗੜੇਮਾਰੀ ਕਾਰਨ ਹੋਈ ਕਿਸਾਨਾ ਦੀਆ ਫਸਲਾਂ ਦਾ ਦੇ ਨੁਕਸਾਨ ਦੀ ਸਪੈਸ਼ਲ ਗਿਰਦਵਾਰੀ ਕਰਾ ਕੇ ਸਰਕਾਰ ਤੁਰੰਤ ਮੁਆਵਜੇ ਦਾ ਕਰੇ ਐਲਾਣ।**



ਮਖੂ, 30 ਮਾਰਚ (ਸ਼ਬੇਗ ਸਿੰਘ) ਭਾਰਤੀ ਕਿਸਾਨ ਯੂਨੀਅਨ ਬਲਾਕ ਮਖੂ ਦੇ ਕਿਸਾਨਾਂ ਦੀ ਹਫਤਾਵਰੀ ਮੀਟਿੰਗ ਬਾਪੂ ਗੁਰਦੇਵ ਸਿੰਘ ਵਾਰਸਵਾਲਾ ਦੀ ਅਗਵਾਈਂ ਵਿਚ ਗੁਰਦੁਆਰਾ ਸਾਹਿਬ ਬਾਬਾ ਬਾਠਾਂਵਾਲਾ ਮਖੂ ਵਿਖੇ ਹੋਈ । ਜਿਸ ਵਿਚ ਪੰਜਾਬ ਲੈਵਲ ਦੇ ਆਗੂ ਅਤੇ ਬਲਾਕ ਮਖੂ ਦੇ ਪਿੰਡਾਂ ਦੀਆਂ ਇਕਾਈਆਂ ਦੇ ਪ੍ਰਧਾਂਨਾਂ ਸਮੇਤ ਕਿਸਾਨ ਹਾਜਰ ਸਨ। ਇਸ ਮੀਟਿੰਗ ਦੇ ਸਟੇਜ ਦੀ ਜੁੰਮੇਵਾਰੀ ਜਿਲਾ ਕੋਰ ਕਮੇਟੀ ਮੈਂਬਰ ਗੁਰਮੀਤ ਸਿੰਘ ਨਿਜਾਮੀਵਾਲਾ ਨੇ ਨਿਭਾਈ ਜਿੰਨ੍ਹਾਂ ਨੇ ਵੱਖ ਵੱਖ ਬੁਲਾਰਿਆਂ ਨੂੰ ਬੋਲਣ ਲਈ ਟਾਈਮ ਦਿੱਤਾ। ਜਿੰਨ੍ਹਾਂ ਵਿਚ ਕੋਰ ਕਮੇਟੀ ਮੈਂਬਰ ਗੁਰਵਿੰਦਰ ਸਿੰਘ ਢਿਲੋਂ,ਮੀਤ ਪ੍ਰਧਾਂਨ ਪੰਜਾਬ ਧਰਮ ਸਿੰਘ ਵਸਤੀ ਗਰੀਬ ਸਿੰਘ, ਜਿਲ੍ਹਾ ਕੋਰ ਕਮੇਟੀ ਮੈਂਬਰ ਮਲਕੀਤ ਸਿੰਘ ਰੋਡੇਵਾਲਾ, ਕਮਲਜੀਤ ਸਿੰਘ ਮਰਹਾਣਾ ,ਫੌਜੀ ਸੁਖਦੇਵ ਸਿੰਘ ਸ਼ੀਹਾਪਾੜੀ,ਡਾਕਟਰ ਬਲਵੰਤ ਸਿੰਘ ਮੀਤ ਪ੍ਰਧਾਂਨ ਤਹਿਸੀਲ ਪ੍ਰਧਾਂਨ ,ਡਾਕਟਰ ਬਲਜਿੰਦਰ ਸਿੰਘ ਆਦਿ ਸਾਰੇ ਬੁਲਾਰਿਆਂ ਨੇ ਆਪਣੇ ਭਾਸ਼ਣ ਵਿਚ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਸੁਝਾਅ ਪੇਸ਼ ਕੀਤੇ ਕਿ ਜੇ ਸਾਰੀਆਂ ਪੰਜਾਬ ਹਿਤੈਸ਼ੀ ਕਿਸਾਨ ਜਥੇਬੰਦੀਆਂ ਇਕੱਠੀਆਂ ਹੋ ਕੇ ਪੰਜਾਬ ਸਰਕਾਰ ਤੇਕੇਂਦਰ ਸਰਕਾਰ ਤੇ ਦਬਾਅ ਬਨਾਉਣ ਕਿ ਪੰਜਾਬ ਵਿਚ ਖਸ-ਖਸ,ਪੋਸਤ ਦੀ ਖੇਤੀ ਦੀ ਮਨਜੂਰੀ ਕੇਂਦਰ ਦੇਵੇ ਤੇ ਪੋਸਤ ਅਤੇ ਅਫੀਮ ਦੇ ਪੰਜਾਬ ਵਿਚ ਠੇਕੇ ਖ੍ਹੋਲੇ ਜਾਣ ਤਾਂ ਕਿ ਸਮੈਕ ਅਤੇ ਹੀਰੋਇਨ ਵਰਗੇ ਮਾਰੂ ਨਸ਼ਿਆਂ ਤੋਂ ਪੰਜਾਬ ਦੇ ਨੌਜਵਾਨਾਂ ਨੂੰ ਮੁਕਤੀ ਮਿਲ ਸਕੇ ਦੇ ਏਜੰਡੇ ਤੇ ਹੀ ਵਿਚਾਰ ਰੱਖੇ ਗਏ। ਜਿਸ ਦਾ ਸਮਰਥਨ ਹਾਜਰ ਕਿਸਾਨਾਂ ਨੇ ਦੌਂਵੇ ਹੱਥ ਤੇ ਬਾਹਾਂ ਖੜ੍ਹੀਆਂ ਕਰਕੇ ਜੈਕਾਰਿਆਂ ਤੇ ਰੂਪ ਵਿਚ ਸਮਰਥਨ ਦਿੱਤਾ ।ਬੁਲਾਰਿਆਂ ਨੇ ਸ੍ਰ ਸਤਨਾਮ ਸਿੰਘ ਸੰਧੂ ਭਰਾਤਾ ਸੂਬਾ ਪ੍ਰਧਾਂਨ ਬੀ ਕੇ ਯੂ ਪੰਜਬ ਸ੍ਰ ਫੁਰਮਾਨ ਸਿੰਘ ਸੰਧੂ ਦਾ ਵੀ ਧੰਨਵਾਦ ਕੀਤਾ ਜੋ ਅੱਜ ਤੱਕ ਪੰਜਾਬ ਦੇ ਕਿਸੇ ਐਮ ਪੀ ਨੇ ਪੰਜਾਬ ਦੀ ਕਿਸਾਨੀ ਦੇ ਮੁੱਦੇ ਨਹੀਂ ਉਠਾਏ ,ਜੋ ਐਮ ਪੀ ਸ੍ਰ ਸਤਨਾਮ ਸਿੰਘ ਸੰਧੂ ਨੇ ਕੇਂਦਰੀ ਰਾਜ ਸਭਾ ਵਿਚ ਉਠਾਏ ਹਨ। ਦੂਸਰਾ ਮੁੱਦਾ ਪੰਜਾਬ ਵਿਚ ਪ੍ਰਦੂਸ਼ਤ ਪਾਣੀਆਂ ਦਾ ਸੀ ਜੋ ਸਾਡੇ ਆਗੂ ਹਰ ਪਾਰਟੀ ਦੇ ਪ੍ਰਧਾਂਨਾਂ ਨੂੰ ਅਗਲੀ ਚੋਣ ਵਿਚ ਆਪਣੇ ਮੈਨੀ ਫੀਸਅਟੋ ਵਿਚ ਸ਼ਾਮਿਲ ਕਰਨ ਲਈ ਮੰਗ ਪੱਤਰ ਦੇ ਰਹੇ ਹਨ ਕਿ ਤੁਸੀ ਕਿਸਾਨੀ ਮੁੱਦੇ ਖਾਸ ਕਰਕੇ ਪੰਜਾਬ ਦੇ ਪਾਣੀਆਂ ਤੇ ਅਫੀਮ ਦੀ ਖੇਤੀ ਕਰਨ ਦਾ ਵਾਅਦਾ ਕਰੋ ਕਿ ਜਦ ਤੁਹਾਡੀ ਪੰਜਾਬ ਵਿਚ ਸਰਕਾਰ ਬਣ ਜਾਵੇਗੀ ਲਿਖਤ ਰੂਪ ਵਿਚ ਵਾਅਦਾ ਪੰਜਾਬ ਵਾਸੀਆਂ ਨਾਲ ਕਰੋ ਕਿ ਅਸੀਂ ਪੂਰਾ ਕਰਾਂਗੇ। ਇਸ ਮੌਕੇ ਸਰਪ੍ਰਸਤ ਪੰਜਾਬ ਬਾਪੂ ਗੁਰਦੇਵ ਸਿੰਘ ਵਾਰਸਵਾਲਾ, ਮੀਤ ਪ੍ਰਧਾਂਨ ਪੰਜਾਬ ਧਰਮ ਸਿੰਘ,ਕੋਰ ਕਮੇਟੀ ਮੈਂਬਰ ਪੰਜਾਬ ਗੁਰਵਿੰਦਰ ਸਿੰਘ ਢਿਲੋਂ, ਪ੍ਰੈਸ ਸਕਤਰ ਪੰਜਾਬ ਸ਼ਬੇਗ ਸਿੰਘ,ਤਹਿਸੀਲ ਮੀਤ ਪ੍ਰਧਾਂਨ ਡਾ ਬਲਵੰਤ ਸਿੰਘ,ਡਾਕਟਰ ਬਲਜਿੰਦਰ ਸਿੰਘ ,ਜਿਲ੍ਹਾ ਕੋਰ ਕਮੇਟੀਂ ਮੈਂਬਰ ਮਲਕੀਤ ਸਿੰਘ ਰੋਡੇਵਾਲਾ, ਗੁਰਮੀਤ ਸਿੰਘ ਨਿਜਾਮੀਵਾਲਾ,ਕਮਲਜੀਤ ਸਿੰਘ ਮਰਹਾਣਾ,ਸੁਖਚੈਨ ਸਿੰਘ ਅਰਾਂਈਆ ਵਾਲਾ,ਬਲਾਕ ਪ੍ਰਚਾਰ ਸਕਤਰ ਬਾਜ ਸੰਘ ਤਲਵੰਡੀ ਨਿਪਾਲਾਂ,ਇਕਾਈ ਪ੍ਰਧਾਂਨ ਗੁਰਮੀਤ ਸਿੰਘ, ਅਮਰੀਕ ਸਿੰਘ, ਸੁਖਦੇਵ ਸਿੰਘ ਫੌਜੀ,ਅਮਰੀਕ ਸਿੰਘ,ਸ਼ੀਹਾਪਾੜੀ , ਬਗੀਚਾ ਸਿੰਘ ਲਹਿਰਾ,ਦਿਲਬਾਗ ਸਿੰਘ ਕਿਲੀ ਗੁੱਦੇ, ਅਮਰੀਕ ਸਿੰਘ ਅਮੀਵਾਲਾ, ਬਲਵੀਰ ਸਿੰਘ ,ਮਨਜੀਤ ਸਿੰਘ ਵਸਤੀਵਸਾਵਾ,ਸੰਦੀਪ ਸਿੰਘ ਕਾਲੂ ਮੰਡਾਰ,ਬਲਵਿੰਦਰ ਸਿੰਘ ਬਹਿਕ ਗੁਜਰਾਂ, ਸਤਨਾਮ ਸਿੰਘ ਫੌਜੀ ਮਖੂ, ਦਰਸ਼ਨ ਸਿੰਘ ਕੈਨਾਲ ਕਲੋਨੀ,ਦਿਲਬਾਗ ਸਿੰਘ ਵਰਪਾਲਾਂ, ਚਮਕੌਰ ਸਿੰਘ ਨਿਹੰਗ ਸਿੰਘ ਲਾਲੂਵਾਲਾ ਅਤੇ ਹੋਰ ਬਹੁਤ ਸਾਰੇ ਕਿਸਾਨ ਹਾਜਰ ਸਨ।

# ਟ੍ਰੈਫ਼ਿਕ ਪੁਲਿਸ ਵਲੋ ਹਟਾਏ ਨਾਜਾਇਜ਼ ਕਬਜ਼ੇ ਅਤੇ ਕੱਟੇ ਚਲਾਨ

ਫਤਿਹ ਟਾਈਮਜ਼

ਅੰਮ੍ਰਿਤਸਰ, 1 ਅਪ੍ਰੈਲ (ਪ ਪ) ਮਾਣਯੋਗ ਪੁਲਿਸ ਕਮਿਸ਼ਨਰ ਸ੍ਰੀ ਗੁਰਪ੍ਰੀਤ ਸਿੰਘ ਭੁੱਲਰ ਆਈ ਪੀ ਐਸ ਅਤੇ ਐਸ ਪੀ ਟ੍ਰੈਫਿਕ ਮੈਡਮ ਅਮਨਦੀਪ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਟਰੈਫਿਕ ਜੌਨ ਨੰਬਰ 3 ਇੰਚਾਰਜ ਸਬ ਇੰਸਪੈਕਟਰ ਦਿਲਬਾਗ ਸਿੰਘ ਵਲੋ ਗੁਰਦਆਰਾ ਸ਼ਹੀਦਾਂ ਸਾਹਿਬ ਦੇ ਆਸ ਪਾਸ ਨਜਾਇਜ ਕਬਜੇ ਹਟਾਏ ਗਏ ਇਸ ਮੌਕੇ ਸਬ ਇੰਸਪੈਕਟਰ ਦਿਲਬਾਗ ਸਿੰਘ ਨੇ ਕਿਹਾ ਕਿ ਚਾਟੀਵਿੰਡ ਗੇਟ ,ਰਾਮਸਰ ਰੋਡ, ਸੁਲਤਾਨਵਿੰਡ ਰੋਡ ਤੇ ਦੁਕਾਨਦਾਰਾਂ ਵਲੋ ਫੁੱਟਪਾਥ ਅਤੇ ਸੜਕਾਂ ਤੇ ਨਜਾਇਜ ਕਬਜੇ ਕੀਤੇ ਸਨ ਜਿਨ੍ਹਾਂ ਨਾਲ ਟਰੈਫਿਕ ਬਹੁਤ ਜਿਆਦਾ ਜਾਮ ਹੋ ਜਾਂਦਾ ਸੀ ਅਤੇ ਪਬਲਿਕ ਨੂੰ ਆਉਣ ਜਾਣ ਵੇਲੇ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਸੀ ਉਨਾਂ ਦੁਕਾਨਦਾਰਾ ਨੂੰ ਸਖ਼ਤ ਹਦਾਇਤ ਕੀਤੀ ਕਿ ਆਪਣਾ ਸਮਾਨ ਆਪਣੀ ਦੁਕਾਨ ਤੇ ਹੀ ਰੱਖਣ ਨਾ ਕਿ ਸੜਕਾਂ




ਅਤੇ ਫੁੱਟਪਾਥ ਉਪਰ ਜੇਕਰ ਕੋਈ ਵੀ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਦਾ ਪਾਇਆ ਗਿਆ ਤਾਂ ਉਸ ਉਪਰ ਬਣਦੀ ਕਾਰਵਾਈ ਕੀਤੀ ਜਾਵੇਗੀ ਇਸਦੇ ਨਾਲ ਹੀ ਗਲਤ ਸਾਇਡ ਤੇ ਖੜੇ ਆਟੋ ਰਿਕਸ਼ਾ ਦੇ ਚਲਾਨ ਕੀਤੇ ਗਏ ਸਬ ਇੰਸਪੈਕਟਰ ਦਿਲਬਾਗ ਸਿੰਘ ਨੇ ਗੁਰਦਆਰਾ ਸ਼ਹੀਦਾਂ ਸਾਹਿਬ ਆਉਣ ਵਾਲੇ ਸ਼ਰਧਾਲੂਆ ਨੂੰ ਬੇਨਤੀ ਕੀਤੀ ਕਿ ਆਪਣੇ ਵਾਹਨ ਸੜਕ ਤੇ ਪਾਰਕ ਕਰਨ ਦੀ ਜਗ੍ਹਾ ਗੁਰਦਆਰਾ ਸਾਹਿਬ ਵਲੋ ਬਣਾਈ ਹੋਈ ਪਾਰਕਿੰਗ ਵਿੱਚ ਹੀ ਲਗਾਉਣ ਇਸ ਮੌਕੇ ਏ ਐਸ ਆਈ ਇਜੱਤਪਾਲ ਸਿੰਘ, ਏ ਐਸ ਆਈ ਭੁਪਿੰਦਰ ਸਿੰਘ, ਏ ਐਸ ਆਈ ਹਰਪਾਲ ਸਿੰਘ, ਏ ਐਸ ਆਈ ਅਰਜਨ ਸਿੰਘ ਮੌਜੂਦ ਸਨ।


FT
ਹੱਕ ਸੱਚ ਦੀ ਆਵਾਜ਼
ਫਤਿਹ ਟਾਈਮਜ਼
CHANNEL

ਮਿਆਰੀ ਖਬਰਾਂ ਦੇਖਣ ਲਈ fatehtimes channel ਨੂੰ ਜਰੂਰ ਸਬਸਕਰਾਈਬ ਕਰੋ।

ਫਤਿਹ ਟਾਈਮਜ਼ ਚੈਂਨਲ ਤੇ ਖਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

ਮੋ; 99885-37575


Editor,Owner and Publisher Sarbjot Singh Sandha on behalf of Fateh Times online news and media company Regd:PB22000167,Published from Fateh Times H/O Mankdeka Road , Fatehabad,(Tarntaran) 143407

ਅਦਾਲਤੀ ਸ਼ਿਕਾਇਤਾਂ ਅਤੇ ਝਗੜਿਆਂ ਦਾ ਨਿਪਟਾਰਾ ਕੇਵਲ ਲੋਕਲ ਸਬ ਡਵੀਜਨ ਖਡੂਰ ਸਾਹਿਬ ਵਿਖੇ ਹੀ ਹੋਵੇਗਾ।

## ਭਾਰਤ ਸਰਕਾਰ ਪਾਕਿਸਤਾਨ ਜਾਣ ਵਾਲੇ ਯਾਤਰੂਆਂ ਤੋਂ ਦਾਖ਼ਲਾ ਫੀਸ ਵਸੂਲਣ ਦੇ ਫੈਸਲੇ ਵਿੱਚੋਂ ਸਿੱਖ ਸ਼ਰਧਾਲੂਆਂ ਨੂੰ ਰੱਖੇ ਬਾਹਰ- ਐਡਵੋਕੇਟ ਧਾਮੀ



ਅੰਮ੍ਰਿਤਸਰ, 1 ਅਪ੍ਰੈਲ (ਸੰਧਾ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਰਤ ਸਰਕਾਰ ਵੱਲੋਂ ਪਾਕਿਸਤਾਨ ਜਾਣ ਵਾਲੇ ਯਾਤਰੂਆਂ ਤੋਂ ਦਾਖ਼ਲਾ ਫੀਸ ਲਏ ਜਾਣ ਦੇ ਫੈਸਲੇ ’ਤੇ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਗੁਰਦੁਆਰਾ ਸਾਹਿਬਾਨ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਨੂੰ ਇਸ ਫੈਸਲੇ ਤੋਂ ਬਾਹਰ ਰੱਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬਾਨ ਦੇ ਦਰਸ਼ਨਾਂ ਲਈ ਜਾਣਾ ਹਰ ਸਿੱਖ ਦੀ ਆਸਥਾ ਹੈ। ਸਰਕਾਰ ਵੱਲੋਂ ਕੀਤੇ ਅਜਿਹੇ ਫੈਸਲੇ ਨਾਲ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਣ ਵਾਲੇ ਸਿੱਖ ਸ਼ਰਧਾਲੂਆਂ ’ਤੇ ਵੀ ਅਸਰ ਪਵੇਗਾ।ਐਡਵੋਕੇਟ ਧਾਮੀ ਨੇ ਕਿਹਾ ਕਿ ਮਿਲੀ ਜਾਣਕਾਰੀ ਅਨੁਸਾਰ ਭਾਰਤ ਸਰਕਾਰ ਨੇ ਪਾਕਿਸਤਾਨ ਜਾਣ ਵਾਲੇ ਯਾਤਰੂਆਂ ਤੋਂ 200 ਰੁਪਏ ਜਾਣ ਅਤੇ 200 ਰੁਪਏ ਆਉਣ ਸਮੇਂ ਦਾਖ਼ਲਾ ਫੀਸ ਲੈਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਵੰਡ ਸਮੇਂ ਵਿਛੜ ਗਏ ਗੁਰਧਾਮਾਂ ਦੇ ਦਰਸ਼ਨਾਂ ਦੀ ਤਾਂਘ ਹਰ ਸਿੱਖ ਦੇ ਮਨ ਵਿਚ ਹਮੇਸ਼ਾ ਰਹਿੰਦੀ ਹੈ, ਜਿਸ ਲਈ ਸੰਗਤਾਂ ਅਰਦਾਸ ਕਰਦੀਆਂ ਹਨ। ਸੰਗਤ ਦੀਆਂ ਭਾਵਨਾਵਾਂ ਦੇ ਮੱਦੇਨਜ਼ਰ ਗੁਰਪੁਰਬ ਅਤੇ ਇਤਿਹਾਸਕ ਦਿਹਾੜਿਆਂ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸ਼ਰਧਾਲੂਆਂ ਦੇ ਜਥੇ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਭੇਜੇ ਜਾਂਦੇ ਹਨ। ਗੁਰਦੁਆਰਾ ਸਾਹਿਬਾਨ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਤੋਂ ਦਾਖ਼ਲਾ ਫੀਸ ਵਸੂਲੇ ਜਾਣਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ।ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਤੋਂ ਪਾਕਿਸਤਾਨ ਸਰਕਾਰ ਵੱਲੋਂ ਲਈ ਜਾਂਦੀ 20 ਡਾਲਰ ਫੀਸ ਨੂੰ ਖ਼ਤਮ ਕੀਤੇ ਜਾਣ ਦੀ ਮੰਗ ਕਰਦੀ ਆ ਰਹੀ ਹੈ। ਹੁਣ ਭਾਰਤ ਸਰਕਾਰ ਵੱਲੋਂ ਕੀਤੇ ਗਏ ਨਵੇਂ ਫੈਸਲੇ ਨਾਲ ਸਿੱਖ ਸ਼ਰਧਾਲੂ ਪ੍ਰਭਾਵਿਤ ਹੋਣਗੇ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਅਜਿਹਾ ਕੋਈ ਵੀ ਫੈਸਲਾ ਲਾਗੂ ਨਾ ਕੀਤਾ ਜਾਵੇ, ਜਿਸ ਨਾਲ ਸਿੱਖ ਸ਼ਰਧਾਲੂਆਂ ਦੀ ਆਸਥਾ ਨੂੰ ਸੱਟ ਵੱਜੇ। ਉਨ੍ਹਾਂ ਸਰਕਾਰ ਨੂੰ ਤਾਜ਼ਾ ਫੈਸਲਾ ਤੁਰੰਤ ਵਾਪਸ ਲੈਣ ਦੀ ਅਪੀਲ ਵੀ ਕੀਤੀ।

## ਤੁੜ ਪਿੰਡ ਵਿੱਚ ਅਕਾਲੀ ਆਗੂਆਂ ਨਾਲ ਬ੍ਰਹਮਪੁਰਾ ਦੀ ਮੀਟਿੰਗ, ਚੋਣ ਤਿਆਰੀ ਤੇ ਜ਼ੋਰ




ਖਡੂਰ ਸਾਹਿਬ, 1 ਅਪ੍ਰੈਲ (ਐਸ ਐਸ ਸੰਧਾ) ਵਿਧਾਨ ਸਭਾ ਹਲਕਾ ਸ੍ਰੀ ਖਡੂਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਤੇ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਵੱਲੋਂ ਪਿੰਡ ਤੁੜ ਵਿਖੇ ਅਕਾਲੀ ਆਗੂਆਂ ਨਾਲ਼ ਮਹੱਤਵਪੂਰਨ ਮੀਟਿੰਗ ਕੀਤੀ ਗਈ। ਇਸ ਦੌਰਾਨ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਸਬੰਧੀ ਰਣਨੀਤੀ ਤੇ ਹਲਕੇ ਵਿੱਚ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਵਿਚਾਰ-ਵਟਾਂਦਰਾ ਕੀਤਾ ਗਿਆ।ਮੀਟਿੰਗ ਦੌਰਾਨ ਬ੍ਰਹਮਪੁਰਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਅਤੇ ਪੰਜਾਬ ਕਾਂਗਰਸ ਦੋਵਾਂ ਹੀ ਪੰਜਾਬ ਦੀ ਭਲਾਈ ਲਈ ਕਿਸੇ ਵੀ ਤਰ੍ਹਾਂ ਦਾ ਢੰਗ ਦਾ ਕੰਮ ਕਰਨ ਵਿੱਚ ਨਾਕਾਮ ਰਹੀਆਂ ਹਨ। ਉਨ੍ਹਾਂ ਦਾਅਵਾ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਹੀ ਇੱਕੋ-ਇੱਕ ਪਾਰਟੀ ਹੈ ਜਿਸ ਨੇ ਹਮੇਸ਼ਾ ਆਪਣੇ ਵਾਅਦੇ ਪੂਰੇ ਕਰਦੇ ਹੋਏ ਪੰਜਾਬ ਨੂੰ ਤਰੱਕੀ ਦੀ ਰਾਹ ‘ਤੇ ਅੱਗੇ ਵਧਾਇਆ ਹੈ।ਉਨ੍ਹਾਂ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਘਰ-ਘਰ ਤੱਕ ਪਾਰਟੀ ਦੀਆਂ ਨੀਤੀਆਂ ਪਹੁੰਚਾਉਣ ਅਤੇ ਬੂਥ ਪੱਧਰ ‘ਤੇ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਲਈ ਇਕਜੁੱਟ ਹੋ ਕੇ ਕੰਮ ਕਰਨ, ਤਾਂ ਜੋ ਆਉਣ ਵਾਲੀਆਂ ਚੋਣਾਂ ਵਿੱਚ ਅਕਾਲੀ ਦਲ ਦੀ ਜਿੱਤ ਯਕੀਨੀ ਬਣਾਈ ਜਾ ਸਕੇ।ਇਸ ਮੌਕੇ ਪ੍ਰਧਾਨ ਗੁਰਦਿਆਲ ਸਿੰਘ ਸਰਪੰਚ ਅਤੇ ਉਹਨਾਂ ਦੇ ਸਾਥੀਆਂ ਨੇ ਰਵਿੰਦਰ ਸਿੰਘ ਬ੍ਰਹਮਪੁਰਾ ਨੂੰ ਆਉਣ ਵਾਲੀਆ ਵਿਧਾਨ ਸਭਾ ਚੋਣਾਂ ਵਿੱਚ ਜਿੱਤ ਪ੍ਰਾਪਤ ਕਰਾਉਣ ਦਾ ਪ੍ਰਣ ਲਿਆ ਓਹਨਾ ਕਿਹਾ ਕਿ ਬ੍ਰਹਮਪੁਰਾ ਪਰਿਵਾਰ ਨੇ ਹਲਕਾ ਖਡੂਰ ਸਾਹਿਬ ਲਈ ਬਹੁਤ ਵਿਕਾਸ ਦੇ ਕੰਮ ਕੀਤੇ ਹਨ ਜਿਸ ਤੋਂ ਬਾਅਦ ਹਲਕਾ ਖਡੂਰ ਸਾਹਿਬ ਦੇ ਲੋਕ ਓਹਨਾ ਦੀ ਜਿੱਤ ਜਰੂਰ ਯਕੀਨੀ ਬਣਾਉਣਗੇ ਇਸ ਮੌਕੇ ਡਾਕਟਰ ਸੁਖਦੇਵ ਸਿੰਘ, ਚਰਨ ਸਿੰਘ, ਸਵਿੰਦਰ ਸਿੰਘ (ਮੈਂਬਰ ਪੰਚਾਇਤ), ਗੁਰਮੀਤ ਸਿੰਘ (ਮੈਂਬਰ ਪੰਚਾਇਤ), ਗੁਰਭੇਜ ਸਿੰਘ ਆਦਿ ਹਾਜ਼ਰ

**ਲੇਖ ਅਤੇ ਕਵਿਤਾਵਾਂ ਵਿਚਲੇ ਵਿਚਾਰ ਲੇਖਕ ਜਾਂ ਕਵੀ ਦੇ ਨਿੱਜੀ ਵਿਚਾਰ ਹਨ ਜਿਸ ਨਾਲ ਅਦਾਰਾ ਫਤਿਹ ਟਾਈਮਜ਼ ਦੇ ਸੰਪਾਦਕ ਦਾ ਸਹਿਮਤ ਹੋਣਾ ਜਰੂਰੀ ਨਹੀਂ।**

# ਪ੍ਰੀਖਿਆਵਾਂ ਦੌਰਾਨ ਦੁਹਰਾਈ ਦੀ ਮਹੱਤਤਾ

(ਲੜੀਵਾਰ ਲੇਖ ਕਿਸ਼ਤ 3)




ਕਿਸੇ ਨੂੰ ਸਮਝਾਉਣ ਨਾਲ ਆਪਣੀ ਸਮਝ ਮਜ਼ਬੂਤ ਹੁੰਦੀ ਹੈ।

ਦ੍ਰਿਸ਼ ਮਾਧਿਅਮ

ਚਾਰਟ, ਡਾਇਗ੍ਰਾਮ ਅਤੇ ਮਾਈਂਡ ਮੈਪ ਵਰਤੋਂ।

ਫਲੈਸ਼ਕਾਰਡਸ

ਪਰਿਭਾਸ਼ਾਵਾਂ ਅਤੇ ਫਾਰਮੂਲਿਆਂ ਲਈ ਲਾਭਕਾਰੀ।

ਕਲਮ-ਕਾਗਜ਼ ਅਤੇ ਡਿਜ਼ੀਟਲ ਦੁਹਰਾਈ: ਕਿਹੜੀ ਪ੍ਰਣਾਲੀ ਸੁਚੱਜੀ ਹੈ?

ਕਲਮ-ਕਾਗਜ਼ ਦੁਹਰਾਈ

ਫਾਇਦੇ

ਯਾਦਸ਼ਕਤੀ ਮਜ਼ਬੂਤ ਹੁੰਦੀ ਹੈ। ਸਮਝ ਵਧਦੀ ਹੈ। ਧਿਆਨ ਭੰਗ ਘੱਟ ਹੁੰਦਾ ਹੈ। ਡਾਇਗ੍ਰਾਮ ਲਈ ਉਚਿਤ ਹੁੰਦੀ ਹੈ।

ਨੁਕਸਾਨ: ਸਮਾਂ ਜ਼ਿਆਦਾ ਲੱਗਦਾ ਹੈ। ਸੋਧ ਕਰਨਾ ਔਖਾ ਹੁੰਦਾ ਹੈ।

ਡਿਜ਼ੀਟਲ ਦੁਹਰਾਈ ਫਾਇਦੇ: ਜਾਣਕਾਰੀ ਤੁਰੰਤ ਮਿਲਦੀ ਹੈ। ਆਸਾਨ ਸੋਧ ਅਤੇ ਸੰਭਾਲ ਲਈ ਪ੍ਰੇਰਿਤ ਕਰਦੀ ਹੈ। ਆਸਾਨੀ ਨਾਲ ਲਿਜਾਣਯੋਗ ਹੁੰਦੀ ਹੈ।

ਨੁਕਸਾਨ

ਧਿਆਨ ਭੰਗ ਹੋਣ ਦਾ ਖਤਰਾ ਸਦੈਵ ਰਹਿੰਦਾ ਹੈ। ਅੱਖਾਂ ‘ਤੇ ਦਬਾਅ ਵੱਧਦਾ ਹੈ। ਕਈ ਵਾਰ ਘੱਟ ਗਹਿਰਾਈ ਨਾਲ ਸਿੱਖਣ ਦੀ ਪ੍ਰੇਰਣਾ ਦਿੰਦਾ ਹੈ।

ਸਭ ਤੋਂ ਵਧੀਆ ਤਰੀਕਾ: ਮਿਲਿਆ-ਜੁਲਿਆ ਢੰਗ

ਡਿਜ਼ੀਟਲ ਮਾਧਿਅਮ ਨਾਲ ਸਮੱਗਰੀ ਇਕੱਠੀ ਕਰੋ, ਪਰ ਅੰਤਿਮ ਦੁਹਰਾਈ ਹੱਥ ਨਾਲ ਲਿਖ ਕੇ ਕਰੋ।

ਆਖਰੀ ਸਮੇਂ ਲਈ ਮਹੱਤਵਪੂਰਨ ਸੁਝਾਅ

ਕਿਤਾਬਾਂ ਨਹੀਂ, ਸੰਖੇਪ ਨੋਟਸ ਦੁਹਰਾਓ।ਮਹੱਤਵਪੂਰਨ ਵਿਸ਼ਿਆਂ ‘ਤੇ ਧਿਆਨ ਦਿਓ। ਡਾਇਗ੍ਰਾਮ ਅਤੇ ਫਾਰਮੂਲੇ ਰੋਜ਼ ਅਭਿਆਸ ਕਰੋ। ਛੋਟੀਆਂ ਸੈਸ਼ਨਾਂ ਵਿੱਚ ਪੜ੍ਹਾਈ ਕਰੋ। ਪੂਰੀ ਨੀਂਦ ਲਓ। ਪਾਣੀ ਅਤੇ ਸੰਤੁਲਿਤ ਖੁਰਾਕ ਲਓ। ਸਧਾਰਣ ਗਲਤੀਆਂ ਤੋਂ ਬਚੋ। ਆਖਰੀ ਸਮੇਂ ਨਵੇਂ ਵਿਸ਼ੇ ਪੜ੍ਹਨਾ। ਸਿਰਫ਼ ਪੜ੍ਹਨਾ, ਪ੍ਰੈਕਟਿਸ ਨਾ ਕਰਨਾ (ਚਲਦਾ) ਨੁਕਸਾਨ ਪਹੁੰਚਾਉਂਦਾ ਹੈ।ਸਾਰੀ ਰਾਤ ਜਾਗਣਾ ਵੀ ਦੁਹਰਾਈ ਦੀ ਮਹੱਤਤਾ ਨੂੰ ਘਟਾਉਂਦਾ ਹੈ।ਕਮਜ਼ੋਰ ਵਿਸ਼ਿਆਂ ਨੂੰ ਅਣਡਿੱਠਾ ਕਰਨਾ ਵੀ ਨੁਕਸਾਨਦੇਹ ਸਾਬਤ ਹੋ ਸਕਦਾ ਹੈ॥ਡਿਜ਼ੀਟਲ ਧਿਆਨ ਭੰਗ ਤੋਂ ਬਚਾਅ ਕਰਨਾ ਚਾਹੀਦਾ ਹੈ।


ਦੁਹਰਾਈ ਕੋਈ ਚੋਣ ਨਹੀਂ, ਸਗੋਂ ਪ੍ਰਭਾਵਸ਼ਾਲੀ ਸਿੱਖਣ ਦਾ ਵਿਗਿਆਨਕ ਆਧਾਰ ਹੈ। ਇਹ ਯਾਦਸ਼ਕਤੀ ਮਜ਼ਬੂਤ ਕਰਦੀ ਹੈ, ਤਣਾਅ ਘਟਾਉਂਦੀ ਹੈ, ਸ਼ੁੱਧਤਾ ਵਧਾਉਂਦੀ ਹੈ ਅਤੇ ਪ੍ਰੀਖਿਆ ਵਿੱਚ ਪ੍ਰਦਰਸ਼ਨ ਸੁਧਾਰਦੀ ਹੈ। ਚਾਹੇ ਇਹ ਹੱਥ ਨਾਲ ਕੀਤੀ ਜਾਵੇ, ਡਿਜ਼ੀਟਲ ਤਰੀਕੇ ਨਾਲ ਜਾਂ ਦੋਹਾਂ ਦੇ ਮਿਲਾਪ ਨਾਲ — ਨਿਯਮਿਤ ਦੁਹਰਾਈ ਗਿਆਨ ਨੂੰ ਸਫਲਤਾ ਵਿੱਚ ਬਦਲ ਦਿੰਦੀ ਹੈ।ਮਨੋਵਿਗਿਆਨਕ ਦ੍ਰਿਸ਼ਟੀਕੋਣ ਤੋਂ, ਜੋ ਵਿਦਿਆਰਥੀ ਨਿਯਮਿਤ ਦੁਹਰਾਈ ਕਰਦੇ ਹਨ, ਉਹ ਨਾ ਸਿਰਫ਼ ਵਧੀਆ ਅੰਕ ਲੈਂਦੇ ਹਨ, ਸਗੋਂ ਆਪਣੀ ਮਾਨਸਿਕ ਸਿਹਤ ਵੀ ਸੁਚੱਜੀ ਰੱਖਦੇ ਹਨ।

ਅਸਲ ਵਿੱਚ, ਦੁਹਰਾਈ ਹੀ ਮਿਹਨਤ ਨੂੰ ਸਫਲਤਾ ਵਿੱਚ ਬਦਲਦੀ ਹੈ। (ਸਮਾਪਤ)



ਲੇਖਕ:
ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ‘ਤੇ ਸਿਆਸੀ ਖਾਮੋਸ਼ੀ ਕਬੂਲ ਨਹੀਂ : ਭਾਈ ਭੁਪਿੰਦਰ ਸਿੰਘ ਗਿੰਨੀ



**ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਨਾਮਧਾਰੀ ਆਗੂ ਠਾਕੁਰ ਦਲੀਪ ਸਿੰਘ ਖਿਲਾਫ਼ ਸਖ਼ਤ ਕਾਰਵਾਈ ਦੀ ਮੰਗ।**

ਅੰਮ੍ਰਿਤਸਰ, 1 ਅਪ੍ਰੈਲ (ਸੰਧਾ) ਨਾਮਧਾਰੀ ਆਗੂ ਠਾਕੁਰ ਦਲੀਪ ਸਿੰਘ ਵੱਲੋਂ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਕੀਤੀਆਂ ਗਈਆਂ ਅਪਮਾਨਯੋਗ, ਗੁਰਮਤਿ ਵਿਰੋਧੀ ਅਤੇ ਕੌਮ ਨੂੰ ਭੜਕਾਉਣ ਵਾਲੀਆਂ ਟਿੱਪਣੀਆਂ ਦੇ ਖਿਲਾਫ ਅੱਜ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਭੁਪਿੰਦਰ ਸਿੰਘ ਗਿੰਨੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਪੇਸ਼ ਹੋਏ। ਇਸ ਮੌਕੇ ਉਨ੍ਹਾਂ ਵੱਲੋਂ ਇਕ ਵਿਸਥਾਰਪੂਰਕ ਲਿਖਤੀ ਪੱਤਰ ਸੌਂਪਿਆ ਗਿਆ, ਜਿਸ ਵਿੱਚ ਮਾਮਲੇ ਦੀ ਗੰਭੀਰਤਾ ਨੂੰ ਦਰਸਾਉਂਦਿਆਂ ਦੋਸ਼ੀਆਂ ਖਿਲਾਫ ਤੁਰੰਤ ਅਤੇ ਮਿਸਾਲੀ ਕਾਰਵਾਈ ਦੀ ਮੰਗ ਕੀਤੀ ਗਈ। ਮੀਡੀਆ ਨੂੰ ਸੰਬੋਧਨ ਕਰਦਿਆਂ ਭਾਈ ਭੁਪਿੰਦਰ ਸਿੰਘ ਗਿੰਨੀ ਨੇ ਕਿਹਾ ਕਿ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖ ਕੌਮ ਲਈ ਸਦੀਵੀ ਗੁਰੂ ਹਨ ਅਤੇ ਉਨ੍ਹਾਂ ਦੀ ਮਹਾਨਤਾ ‘ਤੇ ਉਂਗਲ ਚੁੱਕਣਾ ਸਿਰਫ਼ ਧਾਰਮਿਕ ਅਸੂਲਾਂ ਦੀ ਉਲੰਘਣਾ ਹੀ ਨਹੀਂ, ਸਗੋਂ ਕੌਮ ਦੀ ਆਤਮਿਕ ਆਸਥਾ ‘ਤੇ ਸਿੱਧਾ ਹਮਲਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਬਿਆਨ ਕਿਸੇ ਇਕ ਵਿਅਕਤੀ ਦੀ ਗਲਤੀ ਨਹੀਂ ਸਗੋਂ ਇੱਕ ਸੋਚੀ-ਸਮਝੀ ਸਾਜ਼ਿਸ਼ ਦਾ ਹਿੱਸਾ ਲੱਗਦੇ ਹਨ, ਜਿਸਦਾ ਮਕਸਦ ਸਿੱਖ ਕੌਮ ਵਿੱਚ ਭਰਮ ਅਤੇ ਫੁੱਟ ਪੈਦਾ ਕਰਨਾ ਹੈ। ਭਾਈ ਗਿੰਨੀ ਨੇ ਜ਼ੋਰ ਦੇ ਕੇ ਕਿਹਾ ਕਿ ਸਿੱਖ ਇਤਿਹਾਸ ਗਵਾਹ ਹੈ ਕਿ ਗੁਰੂ ਦੀ ਤੌਹੀਨ ਕਰਨ ਵਾਲਿਆਂ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਗਿਆ ਅਤੇ ਅੱਜ ਵੀ ਕੌਮ ਇਸ ਮਸਲੇ ‘ਤੇ ਇਕਜੁੱਟ ਹੋ ਕੇ ਸਖ਼ਤ ਰੁੱਖ ਅਪਣਾਉਣ ਲਈ ਤਿਆਰ ਹੈ। ਉਨ੍ਹਾਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਪੀਲ ਕੀਤੀ ਕਿ ਇਸ ਮਾਮਲੇ ‘ਤੇ ਤੁਰੰਤ ਪੰਥਕ ਪੱਧਰ ‘ਤੇ ਕਾਰਵਾਈ ਕਰਦੇ ਹੋਏ ਦੋਸ਼ੀ ਨੂੰ ਤਲਬ ਕੀਤਾ ਜਾਵੇ। ਇਸ ਮੌਕੇ ਉਨ੍ਹਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁਝ ਆਗੂਆਂ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਇਸ ਗੰਭੀਰ ਮਾਮਲੇ ‘ਤੇ ਚੁੱਪੀ ਧਾਰਨ ਕਰਨ ਨੂੰ ਵੀ ਸਖ਼ਤ ਨਿੰਦਿਆ ਦਾ ਪਾਤਰ ਦੱਸਿਆ। ਉਨ੍ਹਾਂ ਕਿਹਾ ਕਿ ਜਦੋਂ ਗੁਰੂ ਘਰ ਦੀ ਬੇਅਦਬੀ ਹੋ ਰਹੀ ਹੋਵੇ, ਉਸ ਵੇਲੇ ਖਾਮੋਸ਼ ਰਹਿਣਾ ਵੀ ਇੱਕ ਵੱਡਾ ਪਾਪ ਹੈ ਅਤੇ ਇਹ ਚੁੱਪੀ ਸਿੱਖ ਕੌਮ ਦੇ ਜਜ਼ਬਾਤਾਂ ਨਾਲ ਧੋਖਾ ਹੈ। ਭਾਈ ਗਿੰਨੀ ਨੇ ਸਵਾਲ ਉਠਾਇਆ ਕਿ ਕੀ ਸਿਆਸੀ ਲਾਭ ਅਤੇ ਕੁਰਸੀਆਂ ਦੀ ਰਾਜਨੀਤੀ ਗੁਰੂ ਦੀ ਮਰਿਆਦਾ ਤੋਂ ਵੱਡੀ ਹੋ ਗਈ ਹੈ? ਉਨ੍ਹਾਂ ਕਿਹਾ ਕਿ ਜੇਕਰ ਆਗੂ ਇਸ ਮਾਮਲੇ ‘ਤੇ ਆਪਣਾ ਸਪਸ਼ਟ ਸਟੈਂਡ ਨਹੀਂ ਲੈਂਦੇ ਤਾਂ ਕੌਮ ਉਨ੍ਹਾਂ ਨੂੰ ਕਦੇ ਮਾਫ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਅੱਜ ਸਮਾਂ ਹੈ ਕਿ ਹਰ ਸੱਚਾ ਸਿੱਖ ਅਜਿਹੀਆਂ ਤਾਕਤਾਂ ਦੇ ਖਿਲਾਫ ਖੜ੍ਹਾ ਹੋਵੇ ਜੋ ਗੁਰਮਤਿ ਦੇ ਖਿਲਾਫ ਪ੍ਰਚਾਰ ਕਰਕੇ ਕੌਮ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ।ਅਖੀਰ ਵਿੱਚ ਭਾਈ ਭੁਪਿੰਦਰ ਸਿੰਘ ਗਿੰਨੀ ਨੇ ਕਿਹਾ ਕਿ ਜੇਕਰ ਇਸ ਮਾਮਲੇ ‘ਤੇ ਜਲਦੀ ਅਤੇ ਸਖ਼ਤ ਕਾਰਵਾਈ ਨਾ ਕੀਤੀ ਗਈ ਤਾਂ ਸਿੱਖ ਸੰਗਤਾਂ ਵੱਲੋਂ ਵੱਡੇ ਪੱਧਰ ‘ਤੇ ਪ੍ਰਦਰਸ਼ਨ ਕੀਤੇ ਜਾਣਗੇ ਅਤੇ ਕੌਮ ਆਪਣੇ ਗੁਰੂ ਦੀ ਬੇਅਦਬੀ ਦਾ ਹਰ ਹਾਲ ਵਿੱਚ ਡਟ ਕੇ ਇਨਸਾਫ ਲਵੇਗੀ।

# ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਇਕੱਲੇ ਪੰਜਾਬ ਵਿੱਚ ਕਿਉ ਹੁੰਦੀ ਹੈ ਹੋਰਨਾਂ ਸਟੇਟਾਂ ਵਿੱਚ ਅਤੇ ਦੇਸ਼ਾਂ ਵਿੱਚ ਕਿਉਂ ਨਹੀਂ ਹੁੰਦੀ: ਜਗਮੋਹਨ ਸਿੰਘ ਵਾਲੀਆ



ਰਾਮਪੁਰਾ ਫੂਲ, 1 ਅਪ੍ਰੈਲ (ਡਾ ਬਲਵਿੰਦਰ ਰਾਏ ਬਿੰਦੀ) ਪੰਜਾਬ ਇੱਕ ਇਹੋ ਜਿਹੀ ਸਟੇਟ ਹੈ ਜਿਹੜੀ ਸਾਰੇ ਦੇਸ਼ ਦਾ ਢਿੱਡ ਭਰਦੀ ਹੈ ਇਸ ਲਈ ਇਸ ਨੂੰ ਅੰਨ ਦਾਤਾ ਕਿਹਾ ਜਾਂਦਾ ਹੈ। ਪੰਜ਼ਾਬ ਵਿੱਚ ਸਿੱਖਾਂ ਦੀ ਗਿਣਤੀ ਵੀ ਸਭ ਤੋਂ ਜਿਆਦਾ ਹੈ ਅਤੇ ਹੋਰਨਾਂ ਸੂਬੇਆ ਅਤੇ ਦੇਸ਼ਾਂ ਵਿੱਚ ਸਿੱਖ ਧਰਮ ਦੇ ਲੋਕ ਰਹਿੰਦੇ ਹਨ। ਸਭ ਜਗ੍ਹਾ ਗੁਰੂਦਵਾਰੇ ਵੀ ਬਣੇ ਹੋਏ ਨੇ ਪਰ ਮੈਨੂੰ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਇਕੱਲੇ ਪੰਜਾਬ ਵਿੱਚ ਵੀ ਹੁੰਦੀ ਹੈ। ਇਹ ਇੱਕ ਸਿਆਸਤ ਭੜਕਾਉਣ ਦੀ ਹੈ ਜਾ ਇਹ ਜਾਣ ਬੁੱਝ ਕੇ ਸਰਕਾਰਾਂ ਜਾ ਫਿਰ ਏਜੰਸੀਆਂ ਦਾ ਕੰਮ ਹੈ। ਅੱਜ ਤਾਂ ਅਕਾਲ ਤਖ਼ਤ ਦੇ ਜਥੇਦਾਰ ਬੋਲ ਕੇ ਸਾਈਡ ਤੇ ਹੋ ਜਾਂਦੇ ਨੇ।ਪਰ ਕਿਸੇ ਨੇ ਵੀ ਇਸ ਦਾ ਨਿਚੋੜ ਨਹੀ ਕੱਢਿਆ ਇਹ ਬੇਅਦਬੀ ਕਿਵੇਂ ਹੋ ਰਹੀ ਹੈ ਤੇ ਕੌਣ ਕਰਵਾ ਰਿਹਾਂ ਹੈ।ਜਗਮੋਹਨ ਸਿੰਘ ਵਾਲੀਆ ਬੇਨਤੀ ਕਰਦਾ ਹੈ ਜੋਂ ਵੀ ਹੁਣ ਇਹ ਬੇਅਦਬੀ ਦੇ ਮਾਮਲੇ ਸਾਹਮਣੇ ਆ ਗਏ ਤਾਂ ਉਸ ਦਾ ਹਸ਼ਰ ਬਹੁਤ ਮਾੜਾ ਹੋਵੇਗਾ। ਕਈ ਸਰਕਾਰਾ ਆਈਆ ਅਤੇ ਆ ਕੇ ਚਲੀਆ ਗਈਆਂ ਕਿਸੇ ਨੇ ਵੀ ਇਸ ਨੂੰ ਠੱਲ੍ਹ ਨਹੀ ਪਾਈ। ਗੁਰੂ ਸਾਹਿਬ ਦੀ ਬੇਅਦਬੀ ਸਾਡੇ ਸਿੱਖ ਭਾਈਚਾਰੇ ਤੋ ਸਹਿ ਨਹੀਂ ਹੋ ਰਹੀ। ਇਸ ਵਾਰ ਮੌਕਾ ਪੰਜਾਬ ਅਕਾਲੀ ਦਲ ਵਾਰਿਸ ਪੰਜਾਬ ਦੇ ਅਤੇ ਵਾਰਿਸ ਪੰਜਾਬ ਦੇ ਮਨਦੀਪ ਸਿੰਘ ਸਿੱਧੂ ਸਕੱਤਰ ਜਰਨਲ ਅਤੇ ਭਾਈ ਅਮ੍ਰਿਤਪਾਲ ਸਿੰਘ ਐੱਮ ਪੀ ਖਡੂਰ ਸਾਹਿਬ ਜੀ ਦੇ ਬਾਪੂ ਤਰਸੇਮ ਸਿੰਘ ਜੀ ਬੇਨਤੀ ਕਰਦਾ ਹਾਂ ਇਸ ਤੇ ਜਲਦੀ ਕਾਨੂੰਨ ਬਨਾਇਆ ਜਾਵੇ ਇਸ ਦੀ ਸਜ਼ਾ ਘੱਟੋ ਘੱਟ ਫਾਸੀ ਦੀ ਰੱਖੀ ਜਾਵੇ।ਤਾਂ ਜੋਂ ਲੋਕ ਇਹ ਬੇਅਦਬੀ ਕਰਨ ਤੋਂ ਸੰਕੋਚ ਕਰਨ ਅਤੇ ਮਰਿਆਦਾ ਅਨੁਸਾਰ ਇਸ ਦਾ ਪਾਲਣ ਕਰਨ।

# ਗੋਇੰਦਵਾਲ ਦੇ ਸਨਅਤਕਾਰਾਂ ਵੱਲੋਂ ਰਮਨਦੀਪ ਸਿੰਘ ਭਰੋਵਾਲ ਦੇ ਭਾਜਪਾ ਚ ਸ਼ਾਮਿਲ ਹੋਣ ਤੇ ਸਨਮਾਨ



ਸ਼੍ਰੀ ਗੋਇੰਦਵਾਲ ਸਾਹਿਬ, 1 ਅਪ੍ਰੈਲ (ਐਸ ਐਸ ਸੰਧਾ) ਗੋਇੰਦਵਾਲ ਸਾਹਿਬ ਦੇ ਸਮੂਹ ਸਨਅਤਕਾਰ ਨੇ ਰਮਨਦੀਪ ਸਿੰਘ ਭਰੋਵਾਲ ਨੂੰ ਭਾਰਤੀ ਜਨਤਾ ਪਾਰਟੀ ਚ ਸ਼ਾਮਲ ਹੋਣ ਤੇ ਸਿਰੋਪਾਓ ਪਾਕੇ ਸਨਮਾਨਿਤ ਕੀਤਾ।ਇਸ ਮੋਕੇ ਸਨਅਤਕਾਰਾਂ ਨੇ ਕਿਹਾ ਕਿ ਸ ਭਰੋਵਾਲ ਹਲਕਾ ਖਡੂਰ ਸਾਹਿਬ ਤੋਂ ਪਾਰਟੀ ਨੂੰ ਮਜ਼ਬੂਤ ਕਰਨ ਲਈ ਦਿਨ-ਰਾਤ ਕੰਮ ਕਰਨਗੇ ਕਿਉਂਕਿ ਅਜਿਹੇ ਬੇਦਾਗ ਲੀਡਰ ਚਾਹੀਦੇ ਹਨ ਜੋ ਭਾਜਪਾ ਦੀ ਸੋਚ ਗਰੀਬਾਂ ਦੀ ਮਦਦ ਨਸ਼ਿਆਂ ਦਾ ਖਾਤਮਾ ਅਮਨਕਨੂੰਨ ਦੀ ਸਥਿਤੀ ਨੂੰ ਸੁਧਾਰਨ ਚ ਯੋਗਦਾਨ ਪਾ ਸਕਦੇ ਹੋਣ।ਸਨਅਤਕਾਰਾਂ ਨੇ ਕਿਹਾ ਕਿ ਸੂਬੇ ਦੀ ਤਰੱਕੀ ਲਈ ਵਪਾਰ ਜਰੂਰੀ ਹੈ ਤਾਂ ਹੀ ਲੋਕਾਂ ਨੂੰ ਰੁਜ਼ਗਾਰ ਮਿਲੇਗਾ ਅਜਿਹੇ ਹਾਲਾਤਾਂ ਚ ਅਜਿਹੇ ਆਗੂ ਦੀ ਹਲਕੇ ਨੂੰ ਸਖ਼ਤ ਲੋੜ ਸੀ ਜੋ ਹਰੇਕ ਮੁੱਦੇ ਨੂੰ ਗੰਭੀਰਤਾ ਨਾ.ਲ ਹੱਲ ਕਰਨ ਲੋਕਾਂ ਨੂੰ ਪ੍ਰੇਰਿਤ ਕਰਨ ਦੇ ਸਮਰੱਥ ਹੋਵੇ ਤੇ ਸ ਭਰੋਵਾਲ ਬੇਦਾਗ ਇਮਾਨਦਾਰ ਤੇ ਤਕੜੇ ਬੁਲਾਰੇ ਹਨ ਜੋ ਸਾਰੇ ਵਰਗਾਂ ਨੂੰ ਨਾਲ ਤੋਰ ਹਲਕੇ ਦੀ ਆਵਾਜ਼ ਹਾਈਕਮਾਂਡ ਤੱਕ ਪਹੁੰਚਾਉਣਗੇ ॥ ਇਸ ਮੌਕੇ ਜਤਿੰਦਰ ਸਿੰਘ ਸੋਇਆ ਫੂਡ,ਮਧੁਰਬੈਨ ਸਿੰਘ , ਵਾਈਟਲ ਸੋਇਆ, ਸ਼ਰੇਸ਼ ਵਰਮਾ (ਨੈਰੋਲੈਕ ਪੇਟਸ,ਈਸ਼ਵਰ ਸਿੰਘ (ਵੀਰਾ ਬੈਵਰਜ) ਇਕਬਾਲ ਸਿੰਘ ਸੈਣੀ ਸਿੰਘ ਇੰਜੀਨੀਅਰ, ਹਰਪਿੰਦਰ ਸਿੰਘ ਗਿੱਲ (ਪਾਰਸ ਇੰਟਰਪਰਾਈਜਰ) ਅਜੀਤ ਸਿੰਘ (ਚੈਅਰਮੈਨ ਰੀਗਲ ਲੇਬਟਰੀ)ਦਲਜੀਤ ਸਿੰਘ ਝੰਡ, ਦੋਆਬਾ ਸਪਨਿੰਗ,ਸੰਦੀਪ ਗਲਹੋਤਰਾ, (ਸ਼੍ਰੀ ਤਰੂਪਤੀ ਫੈਬਰਿਕ (ਸਤਨਾਮ ਸਿੰਘ ਢਿੱਲੋ, ਸਰਬਜੀਤ ਸਿੰਘ ਸੰਧੂ (ਐਰੋ ਟਫਨ ਗਲਾਸ, ਭੁਪਿੰਦਰ ਸਿੰਘ ਬੰਬੇਵਾਲੇ, ਮੋਹਿਤ ਸੋਨੀ (ਸੋਨੀਬਰਾਸ) ਮਲਕੀਤ ਸਿੰਘ ਸੈਣੀ (ਸੈਣੀ ਇੰਨਜਨਰਿੰਗ),ਆਰ ਕੇ ਦੀਕਸ਼ਤ (ਗੜਗਾਓਵਾਲੇ), ਇੰਦਰਜੀਤ ਸਿੰਘ (ਕਰਤਾਰ ਫਲੋਰ ਮਿੱਲ),ਅਵਲਪ੍ਰੀਤ ਸਿੰਘ ਰੀਗਲ ਲੇਬਟਰੀ,ਜਤਿੰਦਰ ਸਿੰਘ,ਵਰਿੰਦਰ ਸਿੰਘ ਆਦਿ ਹਾਜ਼ਰ ਸਨ।


ਦਰਸ਼ਨ ਬੇਕਰੀ

ਮੇਨ ਰੋਡ ਫਤਿਆਬਾਦ, (ਤਰਨ ਤਾਰਨ)

ਇਥੋਂ ਕੇਕ,ਪੇਸਟੀਆਂ,ਹਰ ਤਰਾਂ ਦੇ ਬਿਸਕੁਟ,ਸੂਜੀ ਰਸ ,ਪੈਟੀਆਂ,ਕਰੀਮ ਰੋਲ ਹਰ ਸਮੇਂ ਤਿਆਰ ਲਵੋ ।



ਕੁਲਜੀਤ ਸਿੰਘ ਲਾਡੀ

ਸੰਪਰਕ : 98721-51544, 98559-21544



ਅਦਾਰਾ ਫਤਿਹ ਟਾਈਮਜ਼ ਦੀ ਪੰਜਵੀਂ ਵਰ੍ਹੇਗੰਢ ਮੌਕੇ ਵਿਸ਼ੇਸ਼ ਇਸ਼ਤਿਹਾਰ

ਅਦਾਰਾ ਫਤਿਹ ਟਾਈਮਜ਼ ਦੀ ਪੰਜਵੀਂ ਵਰ੍ਹੇਗੰਢ ਮੌਕੇ ਵਿਸ਼ੇਸ਼ ਇਸ਼ਤਿਹਾਰ ਪ੍ਰਕਾਸ਼ਿਤ ਕੀਤੇ ਜਾ ਰਹੇ ਹਨ ਇਸ਼ਤਿਹਾਰ ਦੇਣ ਲਈ ਹੇਠ ਦਿੱਤੇ ਨੰਬਰ ਤੇ ਸੰਪਰਕ ਕਰੋ।

ਮੋ:99885-37575


# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਇਕਾਈ ਲਾਲਪੁਰਾ ਦੀ ਹੋਈ ਹੰਗਾਮੀ ਮੀਟਿੰਗ

ਵਿਚਾਰ ਵਿਟਾਂਦਰਾ



ਤਰਨ ਤਾਰਨ, 1 ਅਪ੍ਰੈਲ (ਐਸ ਐਸ ਸੰਧਾ) ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ, ਜੋਨ ਖਡੂਰ ਸਾਹਿਬ ਦੀ ਇਕਾਈ ਲਾਲਪੁਰਾ ਦੀ ਹੰਗਾਮੀ ਮੀਟਿੰਗ, ਗੁਰਦੁਆਰਾ ਬਾਬਾ ਰਾਇਆਂ ਜੀ ਦੇ ਸਥਾਨ ਤੇ ਹੋਈ, ਪ੍ਰੈਸ ਨੋਟ ਜਾਰੀ ਕਰਦਿਆਂ ਕਿਸਾਨ ਆਗੂ ਪਾਖਰ ਸਿੰਘ ਲਾਲਪੁਰਾ ਨੇ ਕਿਹਾ , ਪਿੰਡ ਦੀ ਮੀਟਿੰਗ ਵਿੱਚ ਜਥੇਬੰਦੀ ਦੇ ਕਿਸਾਨਾਂ-ਮਜ਼ਦੂਰਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਮੀਟਿੰਗ ਦੌਰਾਨ ਆਗੂਆਂ ਨੇ ਸਰਕਾਰ ਵੱਲੋਂ ਜ਼ਬਰਦਸਤੀ ਲਗਾਏ ਜਾ ਰਹੇ ਚਿੱਪਾਂ ਵਾਲੇ ਪ੍ਰੀਪੇਡ ਸਮਾਰਟ ਮੀਟਰਾਂ ਦੀ ਸਖ਼ਤ ਨਿਖੇਧੀ ਕੀਤੀ। ਇਕਾਈ ਸਕੱਤਰ ਰਣਜੀਤ ਸਿੰਘ ਨੇ ਕਿਹਾ ਕਿ ਇਹ ਮੀਟਰ ਗਰੀਬ ਜਨਤਾ ਦੀ ਜੇਬ ਉੱਤੇ ਡਾਕਾ ਮਾਰਨ ਅਤੇ ਬਿਜਲੀ ਦਾ ਨਿੱਜੀਕਰਨ ਕਰਨ ਦੀ ਇੱਕ ਸਾਜ਼ਿਸ਼ ਹੈ, ਪਿੰਡ ਚ ਲੋਕਾਂ ਨੂੰ ਲਾਮਬੰਦ ਕਰਨ ਦੀ ਡਿਊਟੀ ਲਗਾਈ ਸੰਬੋਧਨ ਕਰਦਿਆਂ ਮੁੱਖ ਬੁਲਾਰੇ ਬੁਲਾਰੇ ਹਰਜਿੰਦਰ ਸਿੰਘ ਨੇ ਕਿਹਾ ਸਰਕਾਰ ਲੋਕਾਂ ਨੂੰ ਮੁਫਤ ਬਿਜਲੀ ਦੇਣ ਦੇ ਵਾਅਦੇ ਕਰਕੇ ਸੱਤਾ ਵਿੱਚ ਆਈ ਸੀ, ਪਰ ਹੁਣ ਪ੍ਰੀਪੇਡ ਮੀਟਰ ਲਗਾ ਕੇ ਆਮ ਆਦਮੀ ਦਾ ਲੱਕ ਤੋੜ ਰਹੀ ਹੈ। ਜੇਕਰ ਸਰਕਾਰ ਨੇ ਇਹ ਫੈਸਲਾ ਵਾਪਸ ਨਾ ਲਿਆ ਅਤੇ ਕਿਸਾਨਾਂ-ਮਜ਼ਦੂਰਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ, ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾਂ ਇਹ ਮੋਕੇ ਤੇ ਹਰਪਾਲ ਸਿੰਘ, ਸਿੰਘ, ਹਰਜੀਤ ਸਿੰਘ, ਦੁਰਗਾ ਸਿੰਘ ਸੁਰਜੀਤ ਸਿੰਘ, ਕੁਲਦੀਪ ਸਿੰਘ, ਹਰਭਜਨ ਸਿੰਘ,ਸਰਵਨ ਸਿੰਘ, ਸੁਰਜੀਤ ਸਿੰਘ ਲੱਖਾਂ ਨੰਬਰਦਾਰ, ਗੁਰਪਰੀਤ ਸਿੰਘ,ਦਲਬੀਰ ਸਿੰਘ, ਸੰਤੋਖ ਸਿੰਘ,ਹਰਜਿੰਦਰ ਸਿੰਘ, ਰ ਛ ਪ ਾ ਲ ਸਿੰਘ,ਮਲਕੀਤਸਿੰਘ,ਬਕਸੀਸ ਸਿੰਘ, ਜਸਪਾਲ ਸਿੰਘ, ਗੁਰਜੀਤ ਸਿੰਘ,ਪਿਆਰਾ ਸਿੰਘ,ਆਦਿ ਆਗੂ ਹਾਜਰ ਸਨ।

# ਸ਼੍ਰੀ ਗੁਰੂ ਅੰਗਦ ਦੇਵ ਕਾਲਜ ਆਫ ਐਜੂਕੇਸ਼ਨ ਵੱਲੋਂ ਕਰਵਾਈ ਗਈ ਰਚਨਾਤਮਕ ਪ੍ਰਦਰਸ਼ਨੀ ਮੌਕੇ ਡਾ: ਯਾਦਵਿੰਦਰ ਸਿੰਘ ਦਾ ਕੀਤਾ ਵਿਸ਼ੇਸ਼ ਸਨਮਾਨ



ਖਡੂਰ ਸਾਹਿਬ, 1 ਅਪ੍ਰੈਲ (ਐਸ ਐਸ ਸੰਧਾ) ਸ੍ਰੀ ਗੁਰੂ ਅੰਗਦ ਦੇਵ ਕਾਲਜ ਆਫ ਐਜੂਕੇਸ਼ਨ ਵੱਲੋਂ ਨਿਸ਼ਾਨੇ ਸਿੱਖੀ ਚੈਰੀਟੇਬਲ ਟਰੱਸਟ ਦੇ ਸਹਿਯੋਗ ਨਾਲ ਰਚਨਾਤਮਕ ਪ੍ਰਦਰਸ਼ਨੀ ਲਗਾਈ ਗਈ। ਇਸ ਪ੍ਰਦਰਸ਼ਨੀ ਵਿੱਚ ਕਾਲਜ ਦੀ ਵਿਦਿਆਰਥਣਾਂ ਵੱਲੋਂ ਬੇਕਾਰ ਨਾ ਵਰਤਣ ਯੋਗ ਚੀਜ਼ਾਂ ਨੂੰ ਦੁਬਾਰਾ ਵਰਤੋਂ ਵਿੱਚ ਲਿਆ ਕੇ ਵਰਤੋਂ ਯੋਗ ਚੀਜ਼ਾਂ ਬਣਾਈਆਂ ਗਈਆਂ। ਇਹ ਪ੍ਰਦਰਸ਼ਨੀ ਡਾਕਟਰ ਸਿਮਰਪ੍ਰੀਤ ਕੌਰ ਪ੍ਰਿੰਸੀਪਲ ਸ੍ਰੀ ਗੁਰੂ ਅੰਗਦ ਦੇਵ ਕਾਲਜ ਆਫ ਐਜੂਕੇਸ਼ਨ ਦੀ ਦੇਖ ਰੇਖ ਲਗਾਈ ਗਈ । ਇਸ ਪ੍ਰਦਰਸ਼ਨੀ ਵਿੱਚ ਨਿਸ਼ਾਨ ਏ ਸਿੱਖੀ ਚੈਰੀਟਬਲ ਟਰੱਸਟ ਖਡੂਰ ਸਾਹਿਬ ਤੋਂ ਡਾਇਰੈਕਟਰ ਬਲਦੇਵ ਸਿੰਘ ਸੰਧੂ, ਕਰਨਲ ਬਾਵਾ ਜੀ,ਬਾਬਾ ਬਲਬੀਰ ਸਿੰਘ, ਸ: ਬਲਵੰਤ ਸਿੰਘ ਸੰਧੂ ਪ੍ਰਿੰਸੀਪਲ ਸ੍ਰੀ ਗੁਰੂ ਅੰਗਦ ਦੇਵ ਕਾਲਜ ਖਡੂਰ ਸਾਹਿਬ ਸ਼ਾਮਿਲ ਹੋਏ ।

ਖੇਤੀਬਾੜੀ ਵਿਭਾਗ ਖਡੂਰ ਸਾਹਿਬ ਤੋਂ ਡਾ. ਯਾਦਵਿੰਦਰ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ । ਕਾਲਜ ਦੀਆਂ ਵਿਦਿਆਰਥਣਾਂ ਅਤੇ ਵਿਦਿਆਰਥੀਆਂ ਵੱਲੋਂ ਚਾਰ ਗਰੁੱਪ ਬਣਾ ਕੇ ਬੇਕਾਰ ਅਤੇ ਨਾ ਵਰਤਣ ਯੋਗ ਵਸਤੂਆਂ ਨੂੰ ਵਰਤੋਂ ਵਿਚ ਲਿਆ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ ਗਿਆ । ਇਸ ਪ੍ਰਦਰਸ਼ਨੀ ਵਿੱਚ ਟੀਮ ਇਕ ਪਹਿਲੇ ਨੰਬਰ ਤੇ ਰਹੀ ਟੀਮ ਦੋ ਦੂਸਰੇ ਨੰਬਰ ਤੇ ਟੀਮ ਤਿੰਨ ਅਤੇ ਚਾਰ ਤੀਸਰੇ ਨੰਬਰ ਤੇ ਰਹੀਆਂ । ਜੱਜਾਂ ਦੀ ਭੂਮਿਕਾ ਡਾਇਰੈਕਟਰ ਬਲਦੇਵ ਸਿੰਘ ਸੰਧੂ ,ਡਾ. ਯਾਦਵਿੰਦਰ ਸਿੰਘ ਬਾਬਾ ਬਲਬੀਰ ਸਿੰਘ ਅਤੇ ਕਰਨਲ ਬਾਵਾ ਨੇ ਨਿਭਾਈ । ਇਸ ਮੌਕੇ ਡਾਇਰੈਕਟਰ ਬਲਦੇਵ ਸਿੰਘ ਸੰਧੂ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਰਚਨਾਤਮਕ ਪ੍ਰਦਰਸ਼ਨੀ ਵਿੱਚ ਬਣਾਈਆਂ ਚੀਜ਼ਾਂ ਨੂੰ ਅਸਲ ਜ਼ਿੰਦਗੀ ਵਿੱਚ ਵੀ ਅਪਣਾਉਣ । ਬਾਬਾ ਬਲਬੀਰ ਸਿੰਘ ਅਤੇ ਕਰਨਲ ਸਾਹਿਬ ਨੇ ਵੀ ਵਿਦਿਆਰਥੀਆਂ ਨੂੰ ਅਜਿਹੇ ਨਿਵੇਕਲੇ ਅਤੇ ਰਚਨਾਤਮਕ ਕੰਮ ਲਈ ਪ੍ਰੇਰਿਤ ਕੀਤਾ । ਇਸ ਮੌਕੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆ ਡਾ. ਯਾਦਵਿੰਦਰ ਸਿੰਘ ਨੇ ਕਿਹਾ ਕਿ ਅੱਜ ਦੇ ਆਧੁਨਿਕ ਯੁੱਗ ਵਿੱਚ ਮਨੁੱਖੀ ਜੀਵਨ ਵਿੱਚ ਸਹੂਲਤਾਂ ਦੇ ਨਾਲ-ਨਾਲ ਕੂੜੇ-ਕਰਕਟ ਦੀ ਮਾਤਰਾ ਵੀ ਤੇਜ਼ੀ ਨਾਲ ਵੱਧ ਰਹੀ ਹੈ। ਘਰਾਂ, ਦਫ਼ਤਰਾਂ ਅਤੇ ਉਦਯੋਗਾਂ ਵਿੱਚ ਰੋਜ਼ਾਨਾ ਬਹੁਤ ਸਾਰੀਆਂ ਵਸਤੂਆਂ ਬੇਕਾਰ ਹੋ ਜਾਂਦੀਆਂ ਹਨ, ਜਿਨ੍ਹਾਂ ਨੂੰ ਅਕਸਰ ਅਸੀਂ ਸੁੱਟ ਦਿੰਦੇ ਹਾਂ। ਪਰ ਜੇ ਇਹਨਾਂ ਬੇਕਾਰ ਵਸਤੂਆਂ ਨੂੰ ਸਹੀ ਢੰਗ ਨਾਲ ਵਰਤਿਆ ਜਾਵੇ, ਤਾਂ ਇਹਨਾਂ ਤੋਂ ਨਵੀਆਂ ਅਤੇ ਲਾਭਕਾਰੀ ਵਸਤੂਆਂ ਤਿਆਰ ਕੀਤੀਆਂ ਜਾ ਸਕਦੀਆਂ ਹਨ।ਸਭ ਤੋਂ ਪਹਿਲਾਂ, ਬੇਕਾਰ ਵਸਤੂਆਂ ਦੀ ਦੁਬਾਰਾ ਵਰਤੋਂ ਨਾਲ ਵਾਤਾਵਰਨ ਦੀ ਸੁਰੱਖਿਆ ਹੁੰਦੀ ਹੈ। ਪਲਾਸਟਿਕ, ਕਾਗਜ਼ ਅਤੇ ਧਾਤੂ ਵਰਗੀਆਂ ਵਸਤੂਆਂ ਨੂੰ ਰੀਸਾਈਕਲ ਕਰਕੇ ਅਸੀਂ ਕੁਦਰਤੀ ਸਰੋਤਾਂ ਦੀ ਬਚਤ ਕਰ ਸਕਦੇ ਹਾਂ।ਦੂਜਾ ਮਹੱਤਵਪੂਰਨ ਲਾਭ ਆਰਥਿਕ ਬੱਚਤ ਹੈ। ਪੁਰਾਣੇ ਕੱਪੜਿਆਂ ਤੋਂ ਬੈਗ ਜਾਂ ਕਵਰ ਬਣਾਕੇ ਪੈਸੇ ਬਚਾਏ ਜਾ ਸਕਦੇ ਹਨ।

ਇਸ ਤੋਂ ਇਲਾਵਾ, ਇਹ ਪ੍ਰਕਿਰਿਆ ਰਚਨਾਤਮਕਤਾ ਨੂੰ ਵੀ ਵਧਾਉਂਦੀ ਹੈ।